ਅਰਮਾਨ (ARMAAN)
(An International Multidisciplinary, Open Access
Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040219
Available online at: www.armaan.org.in
DOI: https://doi.org/10.64119/armaan.vol.4.issue2.19

# ਪੰਜਾਬੀ ਲੋਕ ਕਹਾਣੀਆਂ ਦੇ ਉਪਾਧੀ ਸਾਪੇਖ ਖੋਜ ਕਾਰਜਾਂ ਦਾ ਵਰਗੀਕਰਨ

# Punjabi Lok Kahania De Upadhi Sapekh Khoj Karjan Da Vargikarn

**ਗੁਰਤੇਜ ਸਿੰਘ (Gurtej Singh)**
ਖੋਜਾਰਥੀ, ਪੰਜਾਬੀ ਵਿਭਾਗ (Res. Scholar, Punjabi)
ਇਟਰਨਲ ਯੂਨੀਵਰਸਿਟੀ ਬੜੂ ਸਾਹਿਬ (ਹਿਮਾਚਲ ਪ੍ਰਦੇਸ਼)-173101
Email ID: gurtejdhindsa5@gmail.com

**ਡਾ. ਸਿਮਰਨਜੀਤ ਸਿੰਘ (Dr. Simranjit Singh)**
ਸ. ਪ੍ਰੋਫੈਸਰ, ਪੰਜਾਬੀ ਅਧਿ. ਸਕੂਲ (Asst. Prof., School of Punj. Std)
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਪੰਜਾਬ)-143005
Email ID: simranjit.sps@gndu.ac.in

**ਸਾਰ (Abstract)**

*ਲੋਕਧਾਰਾ ਕਿਸੇ ਵੀ ਖੇਤਰ ਦੇ ਲੋਕਾਂ ਦੀ ਸਿਰਜਣਾਤਮਕ ਕਲਾ ਹੋਣ ਦੇ ਨਾਲ-ਨਾਲ ਉੱਥੋਂ ਦੇ ਲੋਕਾਂ ਦੀ ਮਾਨਸਿਕਤਾ ਨੂੰ ਪੇਸ਼ ਕਰਦਾ ਵਰਤਾਰਾ ਹੈ। ਇਸ ਵਰਤਾਰੇ ਦੇ ਕੁੱਝ ਨਿਸ਼ਚਿਤ ਅਤੇ ਸਥਾਈ ਤੱਤ ਹਮੇਸ਼ਾਂ ਮੌਜੂਦ ਰਹਿੰਦੇ ਹਨ। ਇਨ੍ਹਾਂ ਤੱਤਾਂ ਦੀ ਗਿਣਤੀ ਵਿਦਵਾਨਾਂ ਨੇ ਵੱਖੋ-ਵੱਖਰੀ ਨਿਸ਼ਚਿਤ ਕੀਤੀ ਹੈ। ਭਾਰਤ ਦੇ ਦੂਸਰੇ ਖੇਤਰਾਂ ਵਾਂਗ ਇਸ ਅਨੁਸ਼ਾਸ਼ਨ ਦੇ ਸਾਂਭ-ਸੰਭਾਲ ਅਤੇ ਅਧਿਐਨ ਦੀ ਪਿਰਤ ਪਿਛੜ ਕੇ ਹੀ ਪਈ ਹੈ। ਇਸ ਵਿਸ਼ੈ-ਖੇਤਰ ਵਿਚ ਮੁੱਢ ਵਿਚ ਅੰਗਰੇਜ਼ੀ ਵਿਦਵਾਨਾਂ ਨੇ ਹੀ ਕਦਮ ਰੱਖਿਆ। ਇਸ ਪਿੱਛੇ ਉਨ੍ਹਾਂ ਦੀ ਮੰਸ਼ਾ ਜੋ ਵੀ ਹੋਵੇ ਪਰੰਤੂ ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਸਮੱਗਰੀ ਦੇ ਇਕੱਤਰੀਕਰਨ ਅਤੇ ਬਾਅਦ ਵਿਚ ਅਧਿਐਨ ਦਾ ਕਾਰਜ ਆਰੰਭ ਹੋ ਸਕਿਆ। ਹੱਥਲੇ ਖੋਜ ਪੇਪਰ ਵਿਚ ਸਾਡਾ ਮਨੋਰਥ ਪੰਜਾਬੀ ਲੋਕ ਕਹਾਣੀ ਦੇ ਸਬੰਧ ਵਿਚ ਪੰਜਾਬ ਦੀਆਂ ਤਿੰਨੋਂ ਯੂਨੀਵਰਸਿਟੀਆਂ (ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਵਿਚ ਹੋਏ ਹੁਣ ਤੱਕ ਦੇ ਲੋਕ ਕਹਾਣੀਆਂ ਨਾਲ ਸਬੰਧਿਤ ਖੋਜ ਕਾਰਜਾਂ ਦਾ ਵਰਗੀਕਰਨ ਕਰਨਾ ਹੈ। ਇ ਤੋਂ ਇਲਾਵਾ ਲੋਕਧਾਰਾ ਅਧਿਐਨ ਦੇ ਖੇਤਰ ਵਿਚ ਪ੍ਰਚੱਲਿਤ ਅਧਿਐਨ ਵਿਧੀਆਂ ਨੂੰ ਉਭਾਰਨਾ ਤੇ ਨਵੀਂ ਅਧਿਐਨ ਵਿਧੀਆਂ ਨੂੰ ਆਧਾਰ ਬਣਾ ਕੇ ਲੋਕ ਕਹਾਣੀਆਂ ਦੇ ਅਧਿਐਨ ਦੀ ਗੱਲ ਕੀਤੀ ਗਈ ਹੈ।*

***ਕੀਵਰਡ (Keyword):*** *ਲੋਕਧਾਰਾ, ਅਧਿਐਨ ਵਿਧੀਆਂ, ਅਨੁਸ਼ਾਸ਼ਨ, ਸਿਰਜਣਾਤਮਕਤਾ, ਮਾਨਸਿਕਤਾ, ਲੋਕ ਕਹਾਣੀ।*

ਪੰਜਾਬੀਆਂ ਵਿਚ ਪੰਜਾਬੀ ਲੋਕਧਾਰਾ ਨੂੰ ਲੈ ਕੇ ਖੋਜ ਕਾਰਜ ਕਰਨ ਦਾ ਰੁਝਾਨ ਦੂਸਰੇ ਖਿੱਤਿਆਂ ਦੇ ਮੁਕਾਬਲੇ ਪਛੜ ਕੇ ਹੀ ਸ਼ੁਰੂ ਹੋਇਆ ਹੈ ਪਰੰਤੂ ਪੰਜਾਬੀਆਂ ਨੇ ਥੋੜ੍ਹੇ ਸਮੇਂ ਵਿਚ ਹੀ ਇਸ ਖੇਤਰ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ। ਮੁੱਢ ਵਿਚ ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ ਦਾ ਕਾਰਜ਼ ਅੰਗਰੇਜ਼ ਵਿਦਵਾਨਾਂ ਦੁਆਰਾ ਹੀ ਆਰੰਭ ਹੁੰਦਾ ਹੈ। "ਪੰਜਾਬੀ ਲੋਕਧਾਰਾ ਅਧਿਐਨ ਦੀ ਸ਼ੁਰੂਆਤ ਬਾਰੇ ਬਹੁਤ ਸਾਰੇ ਪੰਜਾਬੀ ਵਿਦਵਾਨ ਇਸ ਮਤ ਨਾਲ ਸਹਿਮਤ ਰਹੇ ਹਨ ਕਿ ਪੰਜਾਬੀ ਲੋਕਧਾਰਾ ਦੇ ਅਧਿਐਨ ਸੰਬੰਧੀ ਸਭ ਤੋਂ ਪਹਿਲਾ ਖੋਜ ਕਾਰਜ 1854 ਈ. ਵਿੱਚ ਮੇਜਰ ਜੇ. ਐਬਟ ਦੁਆਰਾ ਲਿਖਿਆ ਗਿਆ ਲੇਖ *'On the Ballads and Legends of Punjab' ਹੈ*"[1] ਹਾਲਾਂਕਿ ਇਸ ਲੇਖ ਤੋਂ ਵੀ ਪਹਿਲਾਂ ਪੰਜਾਬੀ ਅਖਾਣਾਂ ਦੇ ਇਕੱਤਰੀਕਰਨ ਦੇ ਵੇਰਵੇ ਮਿਲਦੇ ਹਨ। *"ਥੌਮਸ ਰੌਏਬੱਕ ਨੇ 1811 ਵਿੱਚ ਪੰਜਾਬੀ ਆਖਾਣਾਂ ਨੂੰ ਛਪਵਾ ਇਕੱਤਰ ਕਰਨਾ ਸ਼ੁਰੂ ਕੀਤਾ। 1811 ਤੋਂ ਬਾਅਦ 1819 ਵਿੱਚ ਰੌਏਬੱਕ ਦੀ ਮੌਤ ਹੋ ਜਾਂਦੀ ਹੈ ਤੇ ਉਹ ਆਪਣੇ ਸੰਗ੍ਰਹਿਤ ਕੀਤੇ ਅਖਾਣ ਛਪਵਾ ਨਹੀਂ ਸਕਿਆ। ਫਿਰ ਐਚ.ਐਚ. ਵਿਲਸਨ ਨਾਂ ਦਾ ਇਕ ਵੱਡਾ ਵਿਦਵਾਨ ਸਾਹਮਣੇ ਆਇਆ ਜਿਸਨੇ ਇਕ ਵਿਸਤ੍ਰਿਤ ਭੂਮਿਕਾ ਲਿਖਕੇ 1824 ਵਿੱਚ ਰੌਏਬੱਕ ਦੇ ਇਕੱਤਰ ਕੀਤੇ ਅਖਾਣਾਂ ਨੂੰ ਪ੍ਰਕਾਸ਼ਿਤ ਕਰਵਾਇਆ"*[2] ਅੰਗਰੇਜ਼ੀ ਦੇ ਇਨ੍ਹਾਂ ਮੁੱਢਲੇ ਵਿਦਵਾਨਾਂ ਵਿਚ ਆਰ. ਸੀ. ਟੈਂਪਲ (ਦੀ ਲੀਜੈਂਡਸ ਆਫ਼ ਦੀ ਪੰਜਾਬ) ਦਾ ਨਾਮ ਵਿਸ਼ੇਸ਼ ਵਰਨਣ ਯੋਗ ਹੈ। ਉਨ੍ਹਾਂ ਨੇ ਪੰਜਾਬੀ ਲੋਕ ਗਾਥਾਵਾਂ ਨਾਲ ਸਬੰਧਿਤ ਪੁਸਤਕ ਦਾ ਸੰਪਾਦਨ ਕਰਕੇ ਲੋਕ ਕਹਾਣੀਆਂ ਦੇ ਇਕੱਤਰੀਕਰਨ ਦਾ ਮੁੱਢ ਬੰਨਿਆਂ। ਇੱਥੇ ਸਪਸ਼ਟ ਕਰਨਾ ਬਣਦਾ ਹੈ ਕਿ ਲੋਕ ਗਾਥਾਵਾਂ ਅਤੇ ਲੋਕ ਕਹਾਣੀਆਂ ਵਿਚ ਕਾਫ਼ੀ ਸਮਾਨਤਾ ਹੈ ਅੰਤਰ ਕੇਵਲ ਪੇਸ਼ਕਾਰੀ ਮਾਧਿਅਮ ਨਾਲ ਹੀ ਸਬੰਧਿਤ ਹਨ। ਅੰਗਰੇਜ਼ੀ ਵਿਦਵਾਨਾਂ ਦਾ ਇਹ ਕੰਮ ਬੇਸ਼ੱਕ ਕਿਸੇ ਯੋਜਨਾ ਦਾ ਹਿੱਸਾ ਸੀ ਪਰੰਤੂ ਫੇਰ ਵੀ ਜੋ ਕੰਮ ਅੰਗਰੇਜ਼ੀ ਵਿਦਵਾਨਾਂ ਨੇ ਕੀਤਾ ਉਸੇ ਸਦਕਾ ਪੰਜਾਬੀਆਂ ਵਿਚ ਆਪਣੀ ਜੀਵਨ ਜਾਂਚ ਅਤੇ ਲੋਕਧਾਰਾਈ ਸਮੱਗਰੀ ਨੂੰ ਸੰਭਾਲਣ ਦਾ ਅਮਲ ਸ਼ੁਰੂ ਹੋਇਆ।

ਪੰਜਾਬ ਵਿਚ ਆਧੁਨਿਕਤਾ ਦੇ ਦੌਰ ਵਿਚ ਪੰਜਾਬੀ ਵਿਦਵਾਨਾਂ ਵਿਚੋਂ ਸ਼ਰਧਾ ਰਾਮ ਫਿਲੋਰੀ ਦੀ ਪੁਸਤਕ 'ਪੰਜਾਬੀ ਬਾਤਚੀਤ' (1875) ਦੇਖੀ ਜਾ ਸਕਦੀ ਹੈ। ਇਸ ਪੁਸਤਕ ਵਿਚ ਪੰਜਾਬ ਦੇ ਮਾਝਾ, ਮਾਲਵਾ, ਦੁਆਬਾ ਅਤੇ ਪਹਾੜ ਨਾਲ ਸਬੰਧਿਤ ਖੇਤਰਾਂ ਦੇ ਜੀਵਨ ਅਤੇ ਬੋਲੀ ਨੂੰ ਬਹੁਤ ਨੇੜਿਓਂ ਪੇਸ਼ ਕੀਤਾ ਹੈ। ਪੰਜਾਬੀ ਲੋਕਧਾਰਾ ਦੀ ਸਮੱਗਰੀ ਦੇ ਇਕੱਤਰੀਕਰਨ ਨਾਲ ਸਬੰਧਿਤ ਲੋਕ ਗੀਤਾਂ ਦੇ ਵਿਸ਼ੇਸ਼ ਪ੍ਰਸੰਗ ਵਿਚ ਦਵਿੰਦਰ ਸਤਿਆਰਥੀ, ਮਹਿੰਦਰ ਸਿੰਘ ਰੰਧਾਵਾ ਅਤੇ ਲੋਕ ਕਹਾਣੀਆਂ ਦੇ ਪ੍ਰਸੰਗ ਵਿਚ ਗਿਆਨੀ ਗੁਰਦਿੱਤ ਸਿੰਘ, ਵਣਜਾਰਾ ਬੇਦੀ ਆਦਿ ਦਾ ਨਾਮ ਜ਼ਿਕਰ ਯੋਗ ਹੈ।

ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ ਅਤੇ ਸ਼ੁਰੂਆਤੀ ਪੜਾਵਾਂ ਤੋਂ ਬਾਅਦ

©ਅਰਮਾਨ (ARMAAN) Received: 08 May 2026 Accepted: 31 May 2026 Published: 05 June 2026

ਤੀਸਰਾ ਦੌਰ ਵਿਧੀਵਤ ਅਧਿਐਨ ਕਾਰਜਾਂ ਦੇ ਨਾਲ ਜੁੜਿਆ ਹੋਇਆ ਹੈ। ਪੰਜਾਬ ਦੀਆਂ ਵੱਖੋ-ਵੱਖਰੀਆਂ ਸੰਸਥਾਵਾਂ ਵਿਚ ਲੋਕਧਾਰਾ ਦੇ ਅਧਿਐਨ ਲਈ ਕਰਨੈਲ ਸਿੰਘ ਥਿੰਦ, ਜੋਗਿੰਦਰ ਸਿੰਘ ਕੈਰੋਂ, ਭੁਪਿੰਦਰ ਸਿੰਘ ਖਹਿਰਾ, ਨਾਹਰ ਸਿੰਘ, ਹਰਜੀਤ ਸਿੰਘ ਗਿੱਲ ਜਿਹੇ ਵਿਦਵਾਨਾਂ ਨੇ ਖ਼ੁਦ ਅਤੇ ਦੂਸਰੇ ਵਿਦਿਆਰਥੀਆਂ ਨੂੰ ਇਸ ਖੇਤਰ ਵਿਚ ਸ਼ਾਮਿਲ ਕੀਤਾ ਹੈ। ਅਸਲ ਵਿਚ ਇਸੇ ਸਮੇਂ ਤੋਂ ਪੰਜਾਬੀ ਲੋਕਧਾਰਾ ਬਾਰੇ ਗਹਿਨ ਅਤੇ ਗੰਭੀਰ ਤਰੀਕੇ ਨਾਲ ਖੋਜ ਕਾਰਜਾਂ ਦਾ ਦੌਰ ਆਰੰਭ ਹੁੰਦਾ ਹੈ।

ਉਪਰੋਕਤ ਵਿਦਵਾਨਾਂ ਦੁਆਰਾ ਪੰਜਾਬੀ ਲੋਕਧਾਰਾ ਦੇ ਖੇਤਰ ਨਾਲ ਸਬੰਧਿਤ ਸਮੱਗਰੀ ਦੇ ਵਿਗਿਆਨਕ ਅਧਿਐਨ ਲਈ ਪ੍ਰਚੱਲਿਤ ਅਧਿਐਨ ਵਿਧੀਆਂ ਜ਼ਰੀਏ ਖੋਜ ਕਾਰਜ ਕੀਤਾ ਅਤੇ ਕਰਵਾਇਆ ਹੈ। ਪੰਜਾਬੀ ਲੋਕਧਾਰਾ ਦੇ ਸਿਧਾਂਤਕ ਪੱਖਾਂ ਤੋਂ ਲੈ ਕੇ ਲੋਕਧਾਰਾਈ ਸਮੱਗਰੀ ਦੇ ਇਕੱਤਰੀਕਰਨ, ਇਨ੍ਹਾਂ ਦੀ ਵਰਗਵੰਡ ਅਤੇ ਲੋਕ ਸਾਹਿਤਕ ਵੰਨਗੀਆਂ ਦਾ ਵੱਖੋ-ਵੱਖਰੀਆਂ ਅਧਿਐਨ ਵਿਧੀਆਂ ਜ਼ਰੀਏ ਕੀਤਾ ਅਧਿਐਨ ਮੁੱਢਲਾ ਹੋਣ ਦੇ ਨਾਲ-ਨਾਲ ਕਾਬਲੇਗੌਰ ਹੈ।

ਇਸ ਖੋਜ ਪੇਪਰ ਵਿਚ ਅਸੀਂ ਪੰਜਾਬੀ ਲੋਕ ਕਹਾਣੀ ਦੇ ਸਬੰਧ ਵਿਚ ਹੋਏ ਉਪਾਧੀ ਸਾਪੇਖ ਖੋਜ ਨਿਬੰਧਾਂ ਦੇ ਅਧਿਐਨ ਦੀ ਗੱਲ ਕਰਾਂਗੇ। ਇਸ ਖੋਜ ਪਰਚੇ ਲਈ ਅਸੀਂ ਆਧਾਰ ਸ੍ਰੋਤ ਸਮੱਗਰੀ ਵਜੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਲਿਆ ਹੈ। ਇਨ੍ਹਾਂ ਯੂਨੀਵਰਸਿਟੀਆਂ ਵਿਚ ਪੰਜਾਬੀ ਲੋਕਧਾਰਾ ਦੇ ਵੱਖੋ-ਵੱਖਰੇ ਰੂਪਾਂ ’ਤੇ ਬਹੁਮੁੱਲਾ ਖੋਜ ਕਾਰਜ ਹੋਇਆ ਦੇਖਣ ਨੂੰ ਮਿਲਦਾ ਹੈ। ਡਾ. ਥਿੰਦ ਦੁਆਰਾ ਪੰਜਾਬੀ ਲੋਕਧਾਰਾ ਦੇ ਵਰਗੀਕਰਨ ਦਾ ਕਾਰਜ ਮੁੱਢਲਾ ਹੋਣ ਦੇ ਬਾਵਜੂਦ ਮਹੱਤਵਪੂਰਨ ਹੈ। ਲੋਕਧਾਰਾ ਦਾ ਵਰਗੀਕਰਨ ਕਰਦੇ ਹੋਏ ਉਹ ਲੋਕ ਸਾਹਿਤ ਨੂੰ ਵਿਭਿੰਨ ਵੰਨਗੀਆਂ ਵਿਚ ਵੰਡਦੇ ਹਨ:

*1. ਲੋਕ ਗੀਤ: ਸੰਸਕਾਰਾਂ, ਰੁੱਤਾਂ, ਪੂਜਾ-ਵਿਧੀਆਂ, ਦੇਵੀ-ਦੇਵਤਿਆਂ, ਵਰਤਾਂ, ਮੇਲਿਆਂ, ਤਿਉਹਾਰਾਂ, ਆਦਿ ਸੰਬੰਧੀ ਅਨੁਸ਼ਠਾਨਿਕ ਗੀਤ, ਕਾਰਜ ਗੀਤ, ਪਿਆਰ ਗੀਤ, ਸੁਰਮਗਤੀ ਦੇ ਗੀਤ, ਪੇਸ਼ਾਵਰ ਜਾਤੀਆਂ ਦੇ ਗੀਤ, ਬੱਚਿਆਂ ਦੇ ਗੀਤ ਆਦਿ।*

*2. ਲੋਕ ਕਹਾਣੀਆਂ: ਪੁਰਾਣ ਕਥਾ, ਅਵਦਾਨ, ਨੀਤੀ ਕਥਾ, ਪਰੀ ਕਥਾ, ਪਸ਼ੂ ਕਹਾਣੀਆਂ, ਭੂਤਾਂ-ਪ੍ਰੇਤਾਂ ਸੰਬੰਧੀ ਕਹਾਣੀਆਂ ਆਦਿ।*

*3. ਲੋਕ ਸਾਹਿਤ ਦੇ ਵਿਵਿਧ ਰੂਪ: ਲੋਕ ਗਾਥਾ, ਲੋਕੋਕਤੀ, ਅਖਾਣ ਅਥਵਾ ਅਖੌਤਾਂ, ਬੁਝਾਰਤਾਂ, ਮੁਹਾਵਰੇ ਆਦਿ।”* [3]

ਇਸੇ ਤਰ੍ਹਾਂ ਲੋਕ ਸਾਹਿਤ ਦਾ ਵਰਗੀਕਰਨ ਕਰਦੇ ਹੋਏ ਡਾ. ਜਸਵਿੰਦਰ ਸਿੰਘ ਹੋਰਾਂ ਨੇ ਵੀ ਲੋਕ ਕਹਾਣੀ ਨੂੰ ਲੋਕ ਸਾਹਿਤ ਦਾ ਅਲੱਗ ਰੂਪ ਪ੍ਰਵਾਨ ਕੀਤਾ ਹੈ। ਲੋਕ-ਸਾਹਿਤਕ ਰੂਪਾਂ ਦੀ ਵਰਗ-ਵੰਡ ਅਤੇ ਸੰਖੇਪ ਜਾਣਕਾਰੀ:

1. ਲੋਕ-ਕਾਵਿ, 2. ਲੋਕ-ਕਥਾ, 3. ਲੋਕ-ਨਾਟਕ, 4. ਚੁਟਕਲਾ,
5. ਬੁਝਾਰਤ, 6. ਅਖਾਣ” [4]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਲੋਕ ਕਹਾਣੀ ਲੋਕ ਸਾਹਿਤ ਦੇ ਖੇਤਰ ਵਿਚ ਲੋਕ ਕਾਵਿਕ ਰੂਪਾਂ ਵਾਂਗ ਲੋਕ ਵਾਰਤਕ ਵੰਨਗੀ ਦਾ ਅਨਿੱਖੜ ਅੰਗ ਹੈ। ਲੋਕ ਸਾਹਿਤ ਦੇ ਇਸ ਰੂਪ ਨੂੰ ਲੈ ਕੇ ਖੋਜਾਰਥੀਆਂ ਨੇ ਮੁੱਢ ਤੋਂ ਹੀ ਰੁਚੀ ਦਿਖਾਈ ਹੈ।

ਪੰਜਾਬੀ ਲੋਕ ਕਹਾਣੀ ਦੇ ਅਧਿਐਨ ਲਈ ਸਾਨੂੰ ਦੋਵਾਂ ਤਰ੍ਹਾਂ ਦੇ ਖੋਜ ਕਾਰਜ ਸਿੱਧੇ ਰੂਪ ਵਿਚ ਲੋਕ ਕਹਾਣੀ ’ਤੇ ਹੋਏ ਖੋਜ ਕਾਰਜ ਅਤੇ ਅਸਿੱਧੇ ਰੂਪ ਵਿਚ ਲੋਕ ਕਹਾਣੀ ’ਤੇ ਹੋਏ ਖੋਜ ਕਾਰਜ, ਦੇਖਣ ਨੂੰ ਮਿਲਦੇ ਹਨ। ਹੇਠਾਂ ਅਸੀਂ ਪੰਜਾਬ ਦੀਆਂ ਤਿੰਨੇਂ ਯੂਨੀਵਰਸਿਟੀਆਂ ਵਿਚ ਹੋਏ ਲੋਕ ਕਹਾਣੀ ਨਾਲ ਸਬੰਧਿਤ ਖੋਜ ਕਾਰਜਾਂ ਦਾ ਵੇਰਵਾ ਸਾਂਝਾ ਕਰ ਰਹੇ ਹਾਂ। ਸਭ ਤੋਂ ਪਹਿਲਾਂ ਅਸੀਂ ਪੰਜਾਬੀ ਲੋਕ ਕਹਾਣੀਆਂ ਤੇ ਸਿੱਧੇ ਰੂਪ ਵਿਚ ਹੋਏ ਖੋਜ ਕਾਰਜਾਂ ਦਾ ਵੇਰਵਾ ਪੇਸ਼ ਕਰਦੇ ਹਾਂ।

### 1.1. *ਪੰਜਾਬੀ ਲੋਕ ਕਹਾਣੀ ’ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਏ ਖੋਜ ਕਾਰਜ:*

1. *ਭੁਪਿੰਦਰ ਸਿੰਘ ਖਹਿਰਾ (ਖੋਜਾਰਥੀ), ਡਾ. ਰਵਿੰਦਰ ਸਿੰਘ ਰਵੀ (ਨਿਗਰਾਨ), ਪੰਜਾਬੀ ਦੀਆਂ ਮਿੱਥਕ ਕਥਾਵਾਂ ਦਾ ਚਿੰਨ੍ਹ ਵਿਗਿਆਨਕ ਅਧਿਐਨ, ਪੀਐਚ.ਡੀ., (1983)*
2. *ਗੁਰਮੀਤ ਸਿੰਘ (ਖੋਜਾਰਥੀ), ਡਾ. ਤ੍ਰਿਲੋਕ ਸਿੰਘ ਆਨੰਦ (ਨਿਗਰਾਨ), ਪੰਜਾਬੀ ਨਾਟਕਾਂ ਵਿਚ ਲੋਕ-ਕਥਾਵਾਂ ਦਾ ਪੁਨਰ ਸਿਰਜਣ : 1900-1986 ਈਸਵੀ ਤੱਕ, ਪੀਐਚ.ਡੀ., (1990)*
3. *ਅਮਰਜੀਤ ਕੌਰ (ਖੋਜਾਰਥੀ), ਡਾ. ਸੁਰਜੀਤ ਸਿੰਘ ਅਤੇ ਡਾ. ਐਸ. ਐਸ. ਜੋਸ਼ੀ (ਨਿਗਰਾਨ), ਪੰਜਾਬ ਦੀਆਂ ਲੋਕ ਕਹਾਣੀਆਂ ਵਿਚ ਮਨੁੱਖ, ਸਮਾਜ ਅਤੇ ਜੰਗਲ ਦਾ ਸੰਕਲਪੀਕਰਣ, ਪੀਐਚ.ਡੀ., (1996)*
4. *ਦੇਵਿੰਦਰ ਸਿੰਘ (ਖੋਜਾਰਥੀ), ਡਾ. ਜਸਵਿੰਦਰ ਸਿੰਘ (ਨਿਗਰਾਨ), ਪੰਜਾਬੀ ਲੋਕ ਕਥਾਵਾਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ, ਪੀਐਚ.ਡੀ., (1996)*
5. *ਮਨਜੀਤ ਕੌਰ (ਖੋਜਾਰਥੀ), ਡਾ. ਨਰਿੰਦਰ ਸਿੰਘ ਕਪੂਰ (ਨਿਗਰਾਨ), ਪੂਰਨ ਭਗਤ ਦੀ ਲੋਕ-ਕਥਾ ਉੱਤੇ ਅਧਾਰਿਤ ਸਾਹਿਤ ਦਾ ਮਨੋਵਿਗਿਆਨਿਕ ਅਧਿਐਨ, ਪੀਐਚ.ਡੀ., (1996)*
6. *ਧਰਮਿੰਦਰ ਸਿੰਘ (ਖੋਜਾਰਥੀ), ਡਾ. ਸੁਰਜੀਤ ਸਿੰਘ (ਨਿਗਰਾਨ), ਪੰਜਾਬ ਦੇ ਡਾਕੂਆਂ ਦੀਆਂ ਕਥਾਵਾਂ ਦਾ ਚਿੰਨ੍ਹ ਵਿਗਿਆਨ ਅਧਿਐਨ, ਪੀਐਚ.ਡੀ., (1997)*
7. *ਗੁੰਜਨਜੋਤ ਕੌਰ (ਖੋਜਾਰਥੀ), ਡਾ. ਬਲਵਿੰਦਰ ਕੌਰ ਬਰਾੜ (ਨਿਗਰਾਨ), ਲੋਕ ਕਥਾਵਾਂ ਨਾਲ ਸਬੰਧਿਤ ਲੋਕ ਗੀਤਾਂ ਦਾ ਸਭਿਆਚਾਰਕ ਅਧਿਐਨ, ਪੀਐਚ.ਡੀ., (2002)*
8. *ਹਰਪ੍ਰੀਤ ਕੌਰ (ਖੋਜਾਰਥੀ), ਡਾ. ਅਮਰਜੀਤ ਕੌਰ, ਡਾ. ਸੁਰਜੀਤ ਸਿੰਘ (ਨਿਗਰਾਨ), ਪੰਜਾਬ ਦੀਆਂ ਪਸ਼ੂ-ਪੰਛੀਆਂ ਦੀਆਂ ਕਥਾਵਾਂ ਦਾ ਚਿੰਨ੍ਹ-ਵਿਗਿਆਨਕ ਅਧਿਐਨ, ਪੀਐਚ.ਡੀ., (2007)*
9. *ਜਤਿੰਦਰ ਕੌਰ (ਖੋਜਾਰਥੀ), ਬਲਦੇਵ ਸਿੰਘ ਚੀਮਾਂ (ਨਿਗਰਾਨ), ਲੋਕ ਕਥਾਵਾਂ ਤੇ ਅਧਾਰਿਤ ਨਾਟਕਾਂ ਦਾ ਚਿੰਨ੍ਹ-ਵਿਗਿਆਨਕ ਅਧਿਐਨ, ਪੀਐਚ.ਡੀ., (2009)*

10. *ਨਛੱਤਰ ਸਿੰਘ (ਖੋਜਾਰਥੀ), ਡਾ. ਰਾਜਿੰਦਰ ਪਾਲ ਸਿੰਘ (ਨਿਗਰਾਨ), ਪੰਜਾਬੀ ਲੋਕ ਬਿਰਤਾਂਤ: ਰੂਪਾਕਾਰਕ ਅਧਿਐਨ, ਪੀਐਚ.ਡੀ., (2014)*
11. *ਹਰਦੀਪ ਸਿੰਘ (ਖੋਜਾਰਥੀ), ਡਾ. ਗੁਰਜੰਟ ਸਿੰਘ (ਨਿਗਰਾਨ), ਪੰਜਾਬੀ ਲੋਕ ਬਿਰਤਾਂਤ ਵਿਚ ਨਾਇਕ ਅਤੇ ਨਾਇਕਾ ਦਾ ਸੰਕਲਪ, ਪੀਐਚ.ਡੀ., (2018)*

1.2. ਪੰਜਾਬੀ ਲੋਕ ਕਹਾਣੀ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਹੋਏ ਖੋਜ ਕਾਰਜ:

1. *ਜੋਗਿੰਦਰ ਸਿੰਘ (ਖੋਜਾਰਥੀ), ਡਾ. ਕਰਨੈਲ ਸਿੰਘ ਥਿੰਦ (ਨਿਗਰਾਨ), ਪੰਜਾਬੀ ਲੋਕ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ, ਪੀਐਚ.ਡੀ., (1979)*
2. *ਹਰਜੀਤ ਕੌਰ (ਖੋਜਾਰਥੀ), ਡਾ. ਸਤਿੰਦਰ ਔਲਖ (ਨਿਗਰਾਨ), ਰਾਜਾ ਰਸਾਲੂ ਦੀ ਦੰਤ-ਕਥਾ ਦਾ ਚਿੰਨ੍ਹ ਵਿਗਿਆਨਕ ਅਧਿਐਨ, ਪੀਐਚ.ਡੀ., (1995)*
3. *ਗੁਰਸ਼ਰਨ ਸਿੰਘ (ਖੋਜਾਰਥੀ), ਡਾ. ਜੋਗਿੰਦਰ ਸਿੰਘ ਕੈਰੋਂ (ਨਿਗਰਾਨ), ਪੰਜਾਬੀ ਲੋਕ ਕਹਾਣੀਆਂ ਦੀਆਂ ਥੀਮਕ ਸ਼ਕਤੀਆਂ, ਪੀਐਚ.ਡੀ., (1995)*
4. *ਪ੍ਰਭਜੀਤ ਕੌਰ (ਖੋਜਾਰਥੀ), ਡਾ. ਜੋਗਿੰਦਰ ਸਿੰਘ ਕੈਰੋਂ (ਨਿਗਰਾਨ), ਪੰਜਾਬੀ ਪਰੀ-ਕਹਾਣੀਆਂ ਵਿਚ ਸੰਯੋਜਕ ਅਤੇ ਬਿਰਤਾਂਤਕ ਜੁਗਤਾਂ, ਪੀਐਚ.ਡੀ., (1997)*
5. *ਭੂਪਾਲ ਦਾਸ (ਖੋਜਾਰਥੀ), ਡਾ. ਮਨਜੀਤਪਾਲ ਕੌਰ (ਨਿਗਰਾਨ), ਪੰਜਾਬੀ ਨਾਟਕਾਂ ਵਿਚ ਮਿੱਥ ਕਥਾਵਾਂ ਦਾ ਰੂਪਾਂਤਰਣ, ਪੀਐਚ.ਡੀ., (1998)*
6. *ਪ੍ਰੀਤਮ ਸਿੰਘ ਬੱਤਰਾ (ਖੋਜਾਰਥੀ), ਡਾ. ਜੋਗਿੰਦਰ ਸਿੰਘ ਕੈਰੋਂ (ਨਿਗਰਾਨ), ਪੰਜਾਬੀ ਲੋਕ-ਕਹਾਣੀਆਂ ਦਾ ਚਿਹਨ ਵਿਗਿਆਨਕ ਅਧਿਐਨ, ਪੀਐਚ.ਡੀ., (1998)*
7. *ਰਾਜਵਿੰਦਰ ਕੌਰ ਬੋਪਾਰਾਏ (ਖੋਜਾਰਥੀ), ਡਾ. ਰਣਜੀਤ ਸਿੰਘ ਬਾਜਵਾ (ਨਿਗਰਾਨ), ਪੰਜਾਬੀ ਲੋਕ-ਕਹਾਣੀਆਂ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ, ਪੀਐਚ.ਡੀ., (2002)*
8. *ਤਜਿੰਦਰ ਪਾਲ ਕੌਰ (ਖੋਜਾਰਥੀ), ਡਾ. ਰਣਜੀਤ ਸਿੰਘ ਬਾਜਵਾ (ਨਿਗਰਾਨ), ਪੰਜਾਬ ਦੀਆਂ ਲੋਕ-ਕਹਾਣੀਆਂ ਵਿਚ ਸਮਾਜ-ਸਭਿਆਚਾਰਕ ਜੀਵਨ ਦੇ ਪੈਟਰਨ, ਪੀਐਚ.ਡੀ., (2007)*
9. *ਜਤਿੰਦਰ ਕੌਰ (ਖੋਜਾਰਥੀ), ਡਾ. ਹਰਜੀਤ ਕੌਰ (ਨਿਗਰਾਨ), ਪੰਜਾਬੀ ਜਨੌਰ-ਕਹਾਣੀਆਂ: ਸਮਾਜ ਸਭਿਆਚਾਰਕ ਅਧਿਐਨ, ਪੀਐਚ.ਡੀ., (2015)*

1.3. ਪੰਜਾਬੀ ਲੋਕ ਕਹਾਣੀ 'ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਹੋਏ ਖੋਜ ਕਾਰਜ:

1. *ਕਰਨੈਲ ਸਿੰਘ ਥਿੰਦ (ਖੋਜਾਰਥੀ), ਡਾ. ਤਾਰਨ ਸਿੰਘ (ਨਿਗਰਾਨ), ਲੋਕਯਾਨ ਦਾ ਪੰਜਾਬੀ ਸਾਹਿਤ ਤੇ ਪ੍ਰਭਾਵ: 1500 ਤੋਂ 1800 ਈ., ਪੀਐਚ.ਡੀ., (1971)*
2. *ਗੁਰਦੇਵ ਸਿੰਘ (ਖੋਜਾਰਥੀ), ਰਘਬੀਰ ਸਿੰਘ (ਨਿਗਰਾਨ), ਪੰਜਾਬੀ ਲੋਕ ਕਹਾਣੀਆਂ ਦਾ ਆਲੋਚਨਾਤਮਕ ਅਧਿਐਨ, ਪੀਐਚ.ਡੀ., (1999)*
3. *ਜਗਦੀਸ਼ ਕੌਰ (ਖੋਜਾਰਥੀ), ਨਾਹਰ ਸਿੰਘ (ਨਿਗਰਾਨ), ਪੰਜਾਬੀ ਲੋਕ ਕਹਾਣੀ ਵਿਚ ਸਭਿਆਚਾਰਕ ਦਵੰਦ, ਪੀਐਚ.ਡੀ., (2002)*
4. *ਸੁਸ਼ੀਲ ਪ੍ਰਭਾ (ਖੋਜਾਰਥੀ), ਹਜਾਰੀ ਪ੍ਰਸ਼ਾਦ ਦਿਵੇਦੀ (ਨਿਗਰਾਨ), ਪੰਜਾਬ ਕੀ ਲੋਕ ਕਥਾਓਂ ਕਾ ਆਲੋਚਨਾਤਮਕ ਅਧਿਐਨ, ਪੀਐਚ.ਡੀ., (2016)*
5. *ਅਸ਼ਵਨੀ ਕੁਮਾਰ (ਖੋਜਾਰਥੀ), ਡਾ. ਨਾਹਰ ਸਿੰਘ (ਨਿਗਰਾਨ), ਪੰਜਾਬੀ ਲੋਕ ਕਹਾਣੀਆਂ ਵਿਚਲੀਆਂ ਲੋਕ ਰੂੜੀਆਂ ਦਾ ਸਭਿਆਚਾਰਕ ਮਾਨਵ ਵਿਗਿਆਨਕ ਅਧਿਐਨ, ਪੀਐਚ.ਡੀ., (2019)*
6. *ਸੁਨੀਤਾ ਰਾਣੀ (ਖੋਜਾਰਥੀ), ਡਾ. ਪਰਵੀਨ ਕੁਮਾਰ (ਨਿਗਰਾਨ), ਨੂਰਪੁਰ ਬੇਦੀ ਦੇ ਇਲਾਕੇ ਦੀਆਂ ਲੋਕ ਕਹਾਣੀਆਂ ਦਾ ਸਮਾਜ ਸਭਿਆਚਾਰਕ ਅਧਿਐਨ, ਪੀਐਚ.ਡੀ., (2020)*
7. *ਸੰਦੀਪ ਕੌਰ (ਖੋਜਾਰਥੀ), ਭੁਪਿੰਦਰ ਕੌਰ (ਨਿਗਰਾਨ), ਮਾਲਵੇ ਦੀਆਂ ਲੋਕ-ਕਹਾਣੀਆਂ ਵਿਚ ਸਮੱਸਿਆਵਾਂ ਅਤੇ ਸਮਾਧਾਨ (ਖੇਤਰੀ ਖੋਜ-ਕਾਰਜ ਦੇ ਆਧਾਰ 'ਤੇ), ਪੀਐਚ.ਡੀ., (2021)*

ਪੰਜਾਬੀ ਲੋਕ ਕਹਾਣੀ ਨਾਲ ਸਬੰਧਿਤ ਉਪਰੋਕਤ ਯੂਨੀਵਰਸਿਟੀਆਂ ਵਿਚ 27 ਤੋਂ ਵਧੇਰੇ ਖੋਜ ਕਾਰਜ ਸੰਪੂਰਨ ਹੋ ਚੁੱਕੇ ਹਨ। ਇਨ੍ਹਾਂ ਖੋਜ ਕਾਰਜਾਂ ਨੂੰ ਵਾਚਣ ਤੇ ਪਤਾ ਲੱਗਦਾ ਹੈ ਕਿ ਇਹ ਖੋਜ ਕਾਰਜ ਲੋਕ ਕਹਾਣੀਆਂ ਦੇ ਹਵਾਲੇ ਨਾਲ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਮਨੁੱਖ ਦੇ ਵੱਖੋ-ਵੱਖੋ ਪਸਾਰਾਂ ਦੀ ਗੱਲ ਕਰਦੇ ਹਨ। ਇਨ੍ਹਾਂ ਖੋਜ ਕਾਰਜਾਂ ਵਿਚ ਲੋਕ ਕਹਾਣੀਆਂ ਦੇ ਇਕੱਤਰੀਕਰਨ ਦੇ ਨਾਲ-ਨਾਲ ਭਿੰਨ-ਭਿੰਨ ਖੋਜ ਵਿਧੀਆਂ, ਇਨ੍ਹਾਂ ਵਿਧੀਆਂ ਦੇ ਜ਼ਰੀਏ ਲੋਕ ਕਹਾਣੀਆਂ ਦਾ ਅਧਿਐਨ ਕਰਦੇ ਹੋਏ ਪੰਜਾਬੀ ਲੋਕ ਮਨ ਦੀ ਥਾਹ ਪਾਉਣ ਅਤੇ ਜੀਵਨ ਜਾਂਚ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ।

ਇੱਥੇ ਇਹ ਸਵਾਲ ਉਭਰਨਾ ਲਾਜ਼ਮੀ ਹੈ ਕਿ ਪੰਜਾਬੀ ਲੋਕ ਕਹਾਣੀ ਨਾਲ ਸਬੰਧਿਤ ਉਪਰੋਕਤ ਖੋਜ ਕਾਰਜਾਂ ਦੇ ਵਰਗੀਕਰਨ ਦੀ ਜ਼ਰੂਰਤ ਕਿਉਂ ਪਈ। ਅਸਲ ਵਿੱਚ ਉਪਰੋਕਤ ਖੋਜ ਕਾਰਜਾਂ ਨੂੰ ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਲੋਕਧਾਰਾ ਦੇ ਖੇਤਰ ਵਿਚ ਅਧਿਐਨ ਦੇ ਪੱਖ ਤੋਂ ਪ੍ਰਚੱਲਿਤ ਵੱਖ-ਵੱਖ ਵਿਧੀਆਂ ਨੂੰ ਅਮਲ ਵਿਚ ਲਿਆਂਦਾ ਗਿਆ ਹੈ। ਇਨ੍ਹਾਂ ਵਿਧੀਆਂ ਦੀ ਵਰਤੋਂ ਦੇ ਬਾਵਜੂਦ ਵੀ

ਕਈ ਅਧਿਐਨ ਵਿਧੀਆਂ ਪੰਜਾਬੀ ਲੋਕ ਕਹਾਣੀ ਦੇ ਅਧਿਐਨ ਲਈ ਬਰੀਆਂ ਹੋਈਆਂ ਹਨ। ਜਿਨ੍ਹਾਂ ਦੀ ਨਿਸ਼ਾਨਦੇਹੀ ਕਰਦਿਆਂ ਇਨ੍ਹਾਂ ਨੂੰ ਆਧਾਰ ਬਣਾ ਕੇ ਪੰਜਾਬੀ ਲੋਕ ਕਹਾਣੀਆਂ ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਸੇ ਕਾਰਨ ਅਸੀਂ ਸਮਝਦੇ ਹਾਂ ਲੋਕਧਾਰਾ ਅਧਿਐਨ ਦੀਆਂ ਵਿਧੀਆਂ ਅਤੇ ਹੁਣ ਤੱਕ ਹੋਏ ਲੋਕ ਕਹਾਣੀ ਦੇ ਖੋਜ ਕਾਰਜ ਨੂੰ ਵਾਚਦਿਆਂ ਇਨ੍ਹਾਂ ਦਾ ਵਰਗੀਕਰਨ ਕੀਤਾ ਜਾਵੇ।

ਉਪਰ ਦਿੱਤੀ ਸੂਚੀ ਵਿਚ ਅਸੀਂ ਦੇਖ ਸਕਦੇ ਹਾਂ ਕਿ ਇਹ ਖੋਜ ਨਿਬੰਧ ਅਧਿਐਨ ਦੀਆਂ ਵੱਖੋ-ਵੱਖਰੀਆਂ ਵਿਧੀਆਂ ਨਾਲ ਸਬੰਧ ਰੱਖਦੇ ਹਨ। ਉਪਰੋਕਤ ਸੂਚੀ ਨੂੰ ਵਾਚਣ ਤੇ ਖੋਜਾਰਥੀਆਂ ਨੂੰ ਵੀ ਅੰਦਾਜ਼ਾ ਹੋ ਸਕੇਗਾ ਕਿ ਲੋਕਧਾਰਾ ਦੇ ਖੇਤਰ ਵਿਚ ਲੋਕ ਕਹਾਣੀ ਨਾਲ ਸਬੰਧਿਤ ਖੋਜ ਦੇ ਖੇਤਰ ਵਿਚ ਕਿਹੜੀਆਂ ਅਧਿਐਨ ਵਿਧੀਆਂ ਜਾਂ ਕਿਸ ਖੇਤਰ ਦੀਆਂ ਲੋਕ ਕਹਾਣੀਆਂ ਦੇ ਇਕੱਤਰੀਕਰਨ ਅਤੇ ਉਨ੍ਹਾਂ ਦੇ ਅਧਿਐਨ ਸਬੰਧੀ ਖੋਜ ਕਾਰਜ ਹੋਇਆ ਹੈ। ਇਸ ਮਨੋਰਥ ਨੂੰ ਮੁੱਖ ਰੱਖਦਿਆਂ ਅਸੀਂ ਪੰਜਾਬੀ ਲੋਕ ਕਹਾਣੀ ਨਾਲ ਸਬੰਧਿਤ ਖੋਜ ਕਾਰਜਾਂ ਨੂੰ ਪੰਜ ਭਾਗਾਂ ਵਿਚ ਵੰਡ ਕੇ ਦੇਖਿਆ ਹੈ।

1. ਪ੍ਰਚੱਲਿਤ ਅਧਿਐਨ ਵਿਧੀਆਂ ਦੇ ਆਧਾਰ ’ਤੇ ਹੋਏ ਖੋਜ ਕਾਰਜ:

ਲੋਕਧਾਰਾ ਦੇ ਖੇਤਰ ਵਿਚ ਕਿਸੇ ਵੀ ਖੇਤਰ ਦੇ ਲੋਕ ਸਾਹਿਤ ਨੂੰ ਸਮਝਣ ਲਈ ਵਿਭਿੰਨ ਤਰ੍ਹਾਂ ਦੀਆਂ ਖੋਜ ਵਿਧੀਆਂ ਅਤੇ ਮਾਡਲ ਅਪਣਾ ਕੇ ਖੋਜ ਕਾਰਜ ਕਰਨ ਦੀ ਪ੍ਰਵਿਰਤੀ ਰਹੀ ਹੈ। ਇਸੇ ਸੰਦਰਭ ਵਿਚ ਪੰਜਾਬੀ ਖੋਜਾਰਥੀਆਂ ਨੇ ਵੀ ਇਨ੍ਹਾਂ ਅਧਿਐਨ ਵਿਧੀਆਂ ਨੂੰ ਸਮਝਦੇ ਹੋਏ ਇਨ੍ਹਾਂ ਜ਼ਰੀਏ ਪੰਜਾਬੀ ਲੋਕ ਕਹਾਣੀਆਂ ਨੂੰ ਸਮਝਣ ਅਤੇ ਇਨ੍ਹਾਂ ਦੇ ਸਿਰਜਣਹਾਰਿਆਂ ਦੀ ਮਾਨਸਿਕਤਾ ਨੂੰ ਜਾਨਣ ਦੀ ਰੁਚੀ ਦਿਖਾਈ ਹੈ। ਲੋਕਧਾਰਾ ਦੇ ਅਧਿਐਨ ਖੇਤਰ ਵਿਚ ਜਿਨ੍ਹਾਂ ਅਧਿਐਨ ਵਿਧੀਆਂ ਜ਼ਰੀਏ ਖੋਜ ਕਰਨ ਦੀ ਗੱਲ ਚੱਲਦੀ ਹੈ। ਉਨ੍ਹਾਂ ਵਿਧੀਆਂ ਬਾਰੇ ਡਾ. ਬਿੰਦ ਗੱਲ ਕਰਦੇ ਹੋਏ ਇਨ੍ਹਾਂ ਦੀਆਂ ਕਿਸਮਾਂ ਬਿਆਨ ਕਰਦੇ ਹਨ। *“ਹੁਣ ਜਦ ਲੋਕਯਾਨ ਅਧਿਐਨ ਦੀਆਂ ਕਈ ਨਵੀਆਂ ਪ੍ਰਣਾਲੀਆਂ ਪ੍ਰਯੋਗ ਵਿਚ ਆ ਰਹੀਆਂ ਹਨ, ਪੰਜਾਬੀ ਲੋਕਯਾਨ ਦੇ ਵਿਗਿਆਨਕ ਅਧਿਐਨ ਲਈ ਇਨ੍ਹਾਂ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਸੰਰਚਨਾਵਾਦੀ, ਮਿਥਿਕ, ਮਾਨਵ-ਵਿਗਿਆਨਕ, ਅਨੁਸ਼ਠਾਨਿਕ, ਇਤਿਹਾਸਿਕ-ਭੂਗੋਲਿਕ, ਸਮਾਜ-ਵਿਗਿਆਨਕ, ਮਨੋਵਿਸ਼ਲੇਸ਼ਣਾਤਮਕ ਅਤੇ ਕਾਰਜਾਤਮਕ ਅਧਿਐਨ ਪ੍ਰਣਾਲੀਆਂ ਲੋਕਯਾਨ ਸਾਮਗ੍ਰੀ ਦਾ ਨਿਖੇੜ ਕਰਕੇ, ਆਧੁਨਿਕ ਲੀਹਾਂ ਉਪਰ ਇਸਦੀ ਵਿਆਖਿਆ ਤੇ ਅਧਿਐਨ ਪੇਸ਼ ਕਰ ਸਕਦੀਆਂ ਹਨ।”*[5] ਡਾ. ਬਿੰਦ ਤੋਂ ਬਾਅਦ ਭੁਪਿੰਦਰ ਸਿੰਘ ਖਹਿਰਾ ਨੇ ਵੀ ਕੁੱਝ ਮਹੱਤਵਪੂਰਨ ਵਿਧੀਆਂ ਬਾਰੇ ਇਸ਼ਾਰਾ ਕੀਤਾ ਹੈ। ਉਹ ਆਖਦੇ ਹਨ ਕਿ ਹਾਲੇ ਤੱਕ ਕੋਈ ਵੀ ਅਜਿਹੀ ਅਧਿਐਨ ਵਿਧੀ ਨਹੀਂ ਜਿਸ ਦੇ ਸਹਾਰੇ ਲੋਕ ਮਨ ਦੀ ਤਹਿ ਤੱਕ ਪਹੁੰਚਿਆ ਜਾ ਸਕੇ। ਫਿਰ ਵੀ ਉਹ ਕੁੱਝ ਵਿਧੀਆਂ ਦੀ ਸਿਫ਼ਾਰਸ਼ ਕਰਦੇ ਹਨ। *“ਲੋਕਮਨ ਦਾ ਅਧਿਐਨ ਕਰਨ ਲਈ ਮਾਨਵ ਵਿਗਿਆਨ ਦੇ ਸਿਧਾਂਤਾਂ ਦੀ ਜ਼ਰੂਰਤ ਹੈ। ਮਨੁੱਖੀ ਮਨ ਦੀਆਂ ਤਹਿਆਂ ਤਕ ਪਹੁੰਚਣ ਲਈ ਮਨੋ-ਵਿਗਿਆਨ ਦੇ ਨਿਯਮ ਸਹਾਈ ਹੋ ਸਕਦੇ ਹਨ। ਸਹਿਜ-ਸੰਚਾਰ ਦਾ ਅਧਿਐਨ ਭਾਸ਼ਾ-ਵਿਗਿਆਨ ਅਤੇ ਸੰਚਾਰ ਵਿਗਿਆਨ ਦੀਆਂ ਵਿਧੀਆਂ ਦੀ ਸਹਾਇਤਾ ਨਾਲ ਕੀਤਾ ਜਾ ਸਕਦਾ ਹੈ। ਲੋਕ ਸਭਿਆਚਾਰ ਦਾ ਅਧਿਐਨ ਕਰਨ ਲਈ ਸਮਾਜ ਵਿਗਿਆਨ ਅਤੇ ਮਾਨਵ-ਵਿਗਿਆਨ ਦੀ ਜੁੜਵੀਂ ਸਹਾਇਤਾ ਦੀ ਜ਼ਰੂਰਤ ਹੈ।”*[6] ਉਪਰੰਤ ਡਾ. ਜਸਵਿੰਦਰ ਸਿੰਘ ਦੀ ਧਾਰਨਾ ਨੂੰ ਵੀ ਦੇਖਿਆ ਜਾ ਸਕਦਾ ਹੈ। *“ਲੋਕ-ਸਾਹਿਤ ਦੀ ਪ੍ਰਕਿਰਤੀ ਅਤੇ ਕੁਝ ਤੱਤ ਸਾਹਿਤ ਅਤੇ ਹੋਰ ਸਭਿਆਚਾਰਕ ਸਿਰਜਣਾਵਾਂ ਦੇ ਤੱਤਾਂ/ਵਿਸ਼ੇਸ਼ਤਾਵਾਂ ਨਾਲ ਮਿਲਵੇਂ ਹੋਣ ਕਾਰਨ ਇਸ ਦਾ ਅਧਿਐਨ ਅੰਤਰ-ਅਨੁਸ਼ਾਸ਼ਨੀ ਅਧਿਐਨ ਵਿਧੀਆਂ ਦੇ ਪ੍ਰਸੰਗ ਵਿਚ ਹੀ ਸੰਭਵ ਹੈ। ਲੋਕ ਸਾਹਿਤ ਆਪਣੀ ਹੋਂਦ-ਵਿਧੀ, ਪ੍ਰਕਿਰਤੀ ਅਤੇ ਅਰਥ-ਸਿਰਜਣ ਪ੍ਰਕਿਰਿਆ ਕਾਰਨ ਮੁੱਖ ਪੰਜ ਅਨੁਸ਼ਾਸ਼ਨਾਂ ਨਾਲ ਅਨਿੱਖੜ ਤੌਰ ਤੇ ਸੰਬੰਧਿਤ ਹੈ। ਇਹ ਅਨੁਸ਼ਾਸਨ ਹਨ: ਮਾਨਵ-ਵਿਗਿਆਨ, ਸਮਾਜ-ਵਿਗਿਆਨ, ਮਨੋ-ਵਿਗਆਨ, ਭਾਸ਼ਾ ਵਿਗਿਆਨ ਅਤੇ ਸਾਹਿਤ ਵਿਗਿਆਨ।”*[7]

ਉਪੋਰਕਤ ਅਨੁਸ਼ਾਸ਼ਨਾਂ ਜਾਂ ਵਿਧੀਆਂ ਨੂੰ ਆਧਾਰ ਬਣਾ ਕੇ ਪੰਜਾਬੀ ਲੋਕ ਕਹਾਣੀਆਂ ਦੇ ਖੋਜ ਕਾਰਜਾਂ ਦੀ ਗਿਣਤੀ ਦੇਖਣ ਯੋਗ ਹੈ। ਦੂਸਰਾ ਇੱਥੋਂ ਇਹ ਵੀ ਸਪੱਸਟ ਹੁੰਦਾ ਹੈ ਕਿ ਲੋਕਧਾਰਾ ਦੇ ਅਧਿਐਨ ਲਈ ਕੋਈ ਵਿਸ਼ੇਸ਼ ਇੱਕੋ ਵਿਧੀ ਹੀ ਪ੍ਰਚੱਲਿਤ ਨਹੀਂ ਹੋ ਸਕਦੀ ਸਗੋਂ ਇਸਦਾ ਵੱਖੋ-ਵੱਖਰੀਆਂ ਵਿਧੀਆਂ ਅਤੇ ਅਨੁਸ਼ਾਸ਼ਨਾਂ ਨਾਲ ਅਧਿਐਨ ਕਰਨ ਤੇ ਇਸਦੇ ਬਹੁਪਾਸਾਰੀ ਸਿੱਟੇ ਸਾਹਮਣੇ ਆਉਂਦੇ ਹਨ।

ਸੁਝਾਈਆਂ ਗਈਆਂ ਉਪਰੋਕਤ ਵਿਧੀਆਂ ਬਾਰੇ ਪੰਜਾਬੀ ਖੋਜਾਰਥੀਆਂ ਨੇ ਜਾਣਕਾਰੀ ਪ੍ਰਾਪਤ ਕਰਦਿਆਂ ਲੋਕ ਕਹਾਣੀਆਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ। ਉਪਰੋਕਤ ਵਿਧੀਆਂ ਦੇ ਸੰਦਰਭ ਵਿਚ ਮੁੱਢਲੇ ਖੋਜ ਕਾਰਜਾਂ ਵਿਚ ਡਾ. ਜੋਗਿੰਦਰ ਸਿੰਘ ਕੈਰੋਂ (ਸਰੰਚਨਾਤਮਕ ਅਧਿਐਨ ਵਿਧੀ) ਅਤੇ ਡਾ. ਭੁਪਿੰਦਰ ਸਿੰਘ ਖਹਿਰਾ (ਚਿੰਨ੍ਹ ਵਿਗਿਆਨਕ ਵਿਧੀ) ਜਿਹੇ ਵਿਦਵਾਨਾਂ ਦੁਆਰਾ ਕੀਤੇ ਖੋਜ ਕਾਰਜ ਖੋਜਾਰਥੀਆਂ ਲਈ ਅੱਜ ਵੀ ਪ੍ਰੇਰਣਾ ਸਰੋਤ ਹਨ। ਪੰਜਾਬੀ ਵਿਚ ਇਨ੍ਹਾਂ ਅਧਿਐਨ ਵਿਧੀਆਂ ਨੂੰ ਆਧਾਰ ਬਣਾ ਕੇ ਜੋ ਖੋਜ ਕਾਰਜ ਹੋਏ ਹਨ ਉਨ੍ਹਾਂ ਦਾ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ-

1. ਜੋਗਿੰਦਰ ਸਿੰਘ- ਪੰਜਾਬੀ ਲੋਕ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ, 2. ਭੁਪਿੰਦਰ ਸਿੰਘ ਖਹਿਰਾ- ਪੰਜਾਬੀ ਦੀਆਂ ਮਿੱਥਕ ਕਥਾਵਾਂ ਦਾ ਚਿੰਨ੍ਹ ਵਿਗਿਆਨਕ ਅਧਿਐਨ, 3. ਹਰਜੀਤ ਕੌਰ- ਰਾਜਾ ਰਸਾਲੂ ਦੀ ਦੰਤ-ਕਥਾ ਦਾ ਚਿੰਨ੍ਹ ਵਿਗਿਆਨਕ ਅਧਿਐਨ, 4. ਪ੍ਰੀਤਮ ਸਿੰਘ ਬੱਤਰਾ - ਪੰਜਾਬੀ ਲੋਕ-ਕਹਾਣੀਆਂ ਦਾ ਚਿਹਨ ਵਿਗਿਆਨਕ ਅਧਿਐਨ, 5. ਰਜਵਿੰਦਰ ਕੌਰ ਬੋਪਾਰਾਏ- ਪੰਜਾਬੀ ਲੋਕ-ਕਹਾਣੀਆਂ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ, 6. ਹਰਪ੍ਰੀਤ ਕੌਰ - ਪੰਜਾਬ ਦੀਆਂ ਪਸ਼ੂ-ਪੰਛੀਆਂ ਦੀਆਂ ਕਥਾਵਾਂ ਦਾ ਚਿੰਨ੍ਹ- ਵਿਗਿਆਨਕ ਅਧਿਐਨ, 7. ਮਨਜੀਤ ਕੌਰ - ਪੂਰਨ ਭਗਤ ਦੀ ਲੋਕ-ਕਥਾ ਉੱਤੇ ਅਧਾਰਿਤ ਸਾਹਿਤ ਦਾ ਮਨੋਵਿਗਿਆਨਿਕ ਅਧਿਐਨ, 8. ਧਰਮਿੰਦਰ ਸਿੰਘ - ਪੰਜਾਬ ਦੇ ਡਾਕੂਆਂ ਦੀਆਂ ਕਥਾਵਾਂ ਦਾ ਚਿੰਨ੍ਹ ਵਿਗਿਆਨ ਅਧਿਐਨ।

ਉਪਰੋਕਤ ਖੋਜ ਕਾਰਜਾਂ ਨੂੰ ਦੇਖਣ ਤੇ ਪਤਾ ਲੱਗਦਾ ਹੈ ਕਿ ਪੰਜਾਬੀ ਖੋਜਾਰਥੀਆਂ ਅਤੇ ਖੋਜ ਕਰਵਾਉਣ ਵਾਲਿਆਂ ਨੇ ਮੁੱਢ ਤੋਂ ਹੀ ਪੰਜਾਬੀ ਲੋਕ ਕਹਾਣੀਆਂ ਨੂੰ ਆਧਾਰ ਬਣਾ ਕੇ ਵਿਗਿਆਨਕ ਢੰਗ ਨਾਲ ਖੋਜ ਕਾਰਜਾਂ ਦੀ ਪਿਰਤ ਪਾਈ ਹੈ। ਇਨ੍ਹਾਂ ਵਿਧੀਆਂ ਨੂੰ ਆਧਾਰ ਬਣਾ ਕੇ ਬੇਸ਼ੱਕ ਮੁੱਢ ਵਿਚ ਹੀ ਖੋਜ ਕਾਰਜ ਹੋਣੇ ਆਰੰਭ ਹੋ ਗਏ ਸਨ ਪਰੰਤੂ ਫਿਰ ਵੀ ਕਈ ਅਧਿਐਨ ਵਿਧੀਆਂ ਅਜਿਹੀਆਂ ਹਨ। ਜਿਨ੍ਹਾਂ ਦੇ ਜ਼ਰੀਏ ਲੋਕ ਕਹਾਣੀਆਂ ਨੂੰ ਸਮਝਣ ਅਤੇ ਲੋਕ ਮਨ ਦੀ ਥਾਹ ਪਾਉਣ ਲਈ ਉਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਪਰ ਦਰਸਾਈਆਂ ਵਿਧੀਆਂ ਵਿਚੋਂ ਵੀ ਕਈ ਵਿਧੀਆਂ ਦੀ ਵਰਤੋਂ ਹਾਲੇ ਤੱਕ ਪੰਜਾਬੀ ਲੋਕ ਕਹਾਣੀਆਂ ਦੇ

ਅਧਿਐਨ ਲਈ ਵਰਤੋਂ ਵਿਚ ਨਹੀਂ ਆ ਸਕੀ। ਉਪਰੋਕਤ ਵਿਧੀਆਂ ਤੋਂ ਬਾਹਰ ਵੀ ਕੁੱਝ ਨਵੀਂਆਂ ਵਿਧੀਆਂ ਜਾਂ ਸੰਕਲਪ ਪਿਛਲੇ ਸਮੇਂ ਵਿਚ ਉੱਭਰੇ ਹਨ ਜਿਨ੍ਹਾਂ ਨੂੰ ਆਧਾਰ ਬਣਾਉਂਦੇ ਹੋਏ ਲੋਕ ਕਹਾਣੀਆਂ ਦੇ ਅਧਿਐਨ ਦੀ ਜ਼ਰੂਰਤ ਹੈ।

ਇਨ੍ਹਾਂ ਵਿਧੀਆਂ ਜਾਂ ਅਨੁਸ਼ਾਸ਼ਨਾਂ ਵਿਚ ਨਾਰੀਵਾਦੀ ਅਧਿਐਨ ਵਿਸ਼ੇਸ਼ ਰੂਪ ਵਿਚ ਸਾਮਿਲ ਹੈ। ਲੋਕ ਸਾਹਿਤ ਦੀ ਸਿਰਜਣ- ਪ੍ਰਕਿਰਿਆ ਵਿਚ ਔਰਤਾਂ ਦੀ ਭੂਮਿਕਾ ਨੂੰ ਨਕਾਰਿਆ ਨਹੀਂ ਜਾ ਸਕਦਾ ਸਗੋਂ ਔਰਤ ਹੀ ਲੋਕ ਸਾਹਿਤ ਦੀ ਸਿਰਜਣਾ ਵਿਚ ਵਧੇਰੇ ਯੋਗਦਾਨ ਪਾਉਂਦੀ ਰਹੀ ਹੈ। ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ ਵਿਚ ਤਾਂ ਉਸਦਾ ਕੋਈ ਸਾਹਨੀ ਨਹੀਂ। ਪੰਜਾਬੀ ਲੋਕਧਾਰਾ ਦੇ ਮੁੱਢਲੇ ਅੰਗਰੇਜ਼ ਖੋਜੀਆਂ ਜਿਨ੍ਹਾਂ ਵਿਚ ਫਲੋਰਾ ਸਟੀਲ ਵੀ ਸ਼ਾਮਿਲ ਹੈ। ਉਨ੍ਹਾਂ ਦੇ ਅਧਿਐਨ ਕਾਰਜਾਂ ਨੂੰ ਵੀ ਉਨ੍ਹਾਂ ਮਹੱਤਵ ਨਹੀਂ ਦਿੱਤਾ ਗਿਆ ਜਿਨ੍ਹਾਂ ਦੂਸਰੇ ਖੋਜੀਆਂ ਨੂੰ ਜਾਂਦਾ ਹੈ। ਇਸ ਸਬੰਧ ਵਿਚ ਡਾ. ਚਰਨਜੀਤ ਕੌਰ ਦੀ ਟਿੱਪਣੀ ਦੇਖਣ ਯੋਗ ਹੈ *“ਫਲੋਰਾ ਸਟੀਲ ਬਾਰੇ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਮੈਂ ਸਿਰਫ਼ ਦੋ ਗੱਲਾਂ ਕਰਨਾ ਚਾਹੁੰਦੀ ਹਾਂ। ਪਹਿਲੀ ਇਹ ਕਿ ਉਸ ਦਾ ਕੰਮ ਬਾਕੀ ਅੰਗਰੇਜ਼ ਵਿਦਵਾਨਾਂ ਨਾਲੋਂ ਆਕਾਰ ਤੇ ਪ੍ਰਕਾਰ ਵਿੱਚ ਕਿਵੇਂ ਵੀ ਘੱਟ ਨਹੀਂ ਸੀ ਪਰ ਉਸ ਨੂੰ ਓਨੀ ਮਾਨਤਾ ਨਹੀਂ ਦਿੱਤੀ ਗਈ।”*[6] ਇਸ ਕਰਕੇ ਔਰਤ ਦੇ ਨਜ਼ਰੀਏ ਤੋਂ ਲੋਕ ਸਾਹਿਤ ਦੇ ਰੂਪਾਂ ਜਿਨ੍ਹਾਂ ਵਿਚ ਲੋਕ ਕਹਾਣੀ ਵੀ ਸ਼ਾਮਿਲ ਹੈ ਦਾ ਨਾਰੀਵਾਦੀ ਅਧਿਐਨ ਕਰਨਾ ਜ਼ਰੂਰੀ ਹੈ ਕਿਉਂਕਿ ਇਕ ਔਰਤ ਹੀ ਲੋਕ ਕਹਾਣੀਆਂ ਵਿਚ ਔਰਤ ਦੀਆਂ ਦਮਿੱਤ ਭਾਵਨਾਵਾਂ ਨੂੰ ਭਾਂਪਦੀ ਹੋਈ ਕਿਸੇ ਮਰਦ ਦੇ ਮੁਕਾਬਲੇ ਸੁਚੱਜੇ ਢੰਗ ਨਾਲ ਅੱਗੇ ਲਿਆ ਸਕਦੀ ਹੈ।

ਦੂਸਰੀ ਵਿਧੀ ਤੁਲਨਾਤਮਕ ਅਧਿਐਨ ਵਿਧੀ ਹੈ। ਵਿਸ਼ਵ ਭਰ ਵਿਚ ਜਦੋਂ ਤੁਲਨਾਤਮਕ ਸਾਹਿਤ ਜਾਂ ਵਿਸ਼ਵ ਸਾਹਿਤ ਦੀ ਗੱਲ ਚੱਲ ਰਹੀ ਹੈ ਤਾਂ ਇਸ ਵਿਧੀ ਨੂੰ ਆਧਾਰ ਬਣਾ ਕੇ ਕਿਸੇ ਦੋ ਖਿੱਤਿਆਂ ਦੀ ਲੋਕ ਕਹਾਣੀ ਨੂੰ ਵਿਚਾਰਿਆ ਜਾ ਸਕਦਾ ਹੈ। ਇਸ ਤਰ੍ਹਾਂ ਦੇ ਖੋਜ ਕਾਰਜਾਂ ਨਾਲ ਆਪਣੇ ਹੀ ਸਭਿਆਚਾਰ ਦੇ ਉਨ੍ਹਾਂ ਪੱਖਾਂ ਬਾਰੇ ਸਮਝਣ ਵਿਚ ਸਹਾਇਤਾ ਮਿਲਦੀ ਹੈ ਜਿਨ੍ਹਾਂ ਨੂੰ ਅਸੀਂ ਕੋਈ ਖਾਸ ਰੁਤਬਾ ਨਹੀਂ ਦਿੰਦੇ। ਇਸ ਸਬੰਧ ਵਿਚ ਖਾਣਾ, ਪੀਣਾ, ਤੁਰਨਾ, ਉਠਣਾ-ਬੈਠਣਾ ਸ਼ਾਮਿਲ ਹੈ। ਇਹ ਸਾਰੀਆਂ ਗੱਲਾਂ ਪਹਿਲੀ ਨਜ਼ਰੇ ਨਿਗੁਣੀਆਂ ਜਿਹੀਆਂ ਹੀ ਲੱਗਦੀਆਂ ਹਨ ਪਰੰਤੂ ਜਦੋਂ ਅਸੀਂ ਕਿਸੇ ਇਕ ਭੂਗੋਲਿਕ ਖਿੱਤੇ ਤੋਂ ਦੂਸਰੇ ਭੂਗੋਲਿਕ ਖਿੱਤਿਆਂ ਵਿਚ ਜਾਂਦੇ ਹਾਂ ਤਾਂ ਸਭ ਤੋਂ ਪਹਿਲਾਂ ਇਹੋ ਪੱਖ ਸਾਡੀ ਦੂਸਰੇ ਲੋਕਾਂ ਤੋਂ ਵੱਖਰਤਾ ਸਿੱਧ ਕਰਦੇ ਹਨ। ਇਸ ਕਰਕੇ ਤੁਲਾਨਤਮਕ ਅਧਿਐਨ ਵਿਧੀ ਨੂੰ ਲੋਕਧਾਰਾ ਦੇ ਖੇਤਰ ਵਿਚ ਵਰਤਿਆ ਜਾਣਾ ਚਾਹੀਦਾ ਹੈ। ਇਸ ਸੰਬੰਧ ਵਿਚ ਕੁਰੂਕਸ਼ੇਤਰਾ ਯੂਨੀਵਰਸਿਟੀ ਵਿਖੇ ਜਨਮ ਦੇ ਲੋਕ ਗੀਤਾਂ ਨੂੰ ਲੈ ਕੇ ਇਕ ਖੋਜ ਕਾਰਜ ਹੋਇਆ ਹੈ। ਇਸ ਤੋਂ ਇਲਾਵਾ ਲੋਕ ਕਹਾਣੀਆਂ ਨਾਲ ਸਬੰਧਿਤ ਵੀ ਭਾਰਤ ਵਿਚ ਇੱਕਾ - ਦੁੱਕਾ ਖੋਜ ਨਿਬੰਧ ਹੋਏ ਹਨ।

ਲੋਕ ਸਾਹਿਤ ਦੀ ਸਿਰਜਣਾ ਵਾਂਗ ਲੋਕ ਸਾਹਿਤ ਦੇ ਅਧਿਐਨ ਪੱਖਾਂ ਤੇ ਵੀ ਕੋਈ ਪ੍ਰਤੀਬੰਧ ਨਹੀਂ ਹੋਣਾ ਚਾਹੀਦਾ ਲੋਕ ਸਾਹਿਤ ਦੇ ਅਧਿਐਨ ਲਈ ਕਿਸੇ ਵੀ ਕਿਸੇ ਅਧਿਐਨ ਵਿਧੀ ਜਾਂ ਅਨੁਸ਼ਾਸ਼ਨ ਦੀ ਵਰਤੋਂ ਕਰਨਾ ਲੋਕ ਸਾਹਿਤ ਨੂੰ ਭਿੰਨ-ਭਿੰਨ ਨਜ਼ਰੀਏ ਤੋਂ ਸਮਝਣ ਵਿਚ ਮੱਦਦ ਕਰੇਗਾ।

2. ਲੋਕ ਕਹਾਣੀਆਂ ’ਤੇ ਆਧਾਰਿਤ ਸਾਹਿਤਕ ਰੂਪਾਂ ਦੇ ਅਧਿਐਨ ਨਾਲ ਸਬੰਧਿਤ ਖੋਜ ਕਾਰਜ:

ਪੰਜਾਬੀ ਸਾਹਿਤ ਵਿਚ ਅਸੀਂ ਲੋਕ ਕਹਾਣੀਆਂ ’ਤੇ ਅਧਾਰਿਤ ਸਾਹਿਤਕ ਰੂਪਾਂ ਜਿਨ੍ਹਾਂ ਵਿਚ ਵਧੇਰੇ ਕਰਕੇ ਨਾਟਕ ਸ਼ਾਮਿਲ ਹਨ। ਇਨ੍ਹਾਂ ਰੂਪਾਂ ਤੇ ਹੋਏ ਖੋਜ ਕਾਰਜਾਂ ਨੂੰ ਇਸ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਹੈ। ਇਸ ਤਰ੍ਹਾਂ ਦੇ ਖੋਜ ਕਾਰਜਾਂ ਵਿਚ ਪੰਜਾਬੀ ਦਾ ਪਹਿਲਾ ਹੀ ਖੋਜ ਕਾਰਜ ‘ਲੋਕਯਾਨ ਅਧਿਐਨ ਦਾ ਪੰਜਾਬੀ ਸਾਹਿਤ ਤੇ ਪ੍ਰਭਾਵ’ ਦੇਖਣ ਯੋਗ ਹੈ। ਇਸ ਖੋਜ ਕਾਰਜ ਵਿਚ ਮੱਧਕਾਲ ਦੀਆਂ ਸਾਹਿਤਕ ਕ੍ਰਿਤਾਂ ਵਿਚਲੇ ਲੋਕ ਸਾਹਿਤ ਦਾ ਅਧਿਐਨ ਹੈ। ਅਸਲ ਵਿਚ ਲੋਕ ਸਾਹਿਤ ਸਾਡਾ ਆਧਾਰ ਹੈ ਇਸ ਨੇ ਸਾਡੇ ਸੋਚਣ-ਸਮਝਣ ਅਤੇ ਵਿਹਾਰਕ ਪੱਖ ਨੂੰ ਹਰ ਹੀਲੇ ਪ੍ਰਭਾਵਿਤ ਕਰਨਾ ਹੀ ਹੈ ਕਿਉਂਕਿ ਅਸੀਂ ਜਿਸ ਸਭਿਆਚਾਰ ਵਿਚ ਰਹਿੰਦੇ ਹਾਂ ਉਸਦੇ ਪ੍ਰਭਾਵਾਂ ਤੋਂ ਬਚਣਾ ਨਾ-ਮੁਮਕਿਨ ਹੈ।

ਪੰਜਾਬੀ ਨਾਟਕਾਰਾਂ ਨੇ ਲੋਕ ਕਹਾਣੀਆਂ ਨੂੰ ਆਧਾਰ ਬਣਾ ਕੇ ਦੂਸਰੇ ਸਾਹਿਤਕ ਰੂਪਾਂ ਦੀ ਮਾਤਰਾ ਵਿਚ ਨਾਟਕਾਂ ਦਾ ਰੂਪਾਂਤਰਨ ਵਧੇਰੇ ਕੀਤਾ ਹੈ। ਪੰਜਾਬੀ ਦੇ ਵਿਦਵਾਨਾਂ ਨੇ ਅਜਿਹੇ ਨਾਟਕਾਂ ਨੂੰ ਵੀ ਖੋਜ ਦੇ ਘੇਰੇ ਵਿਚ ਲਿਆਂਦਾ ਹੈ। ਇਸ ਨਾਲ ਲੋਕ ਕਹਾਣੀਆਂ ਦੇ ਕੇਂਦਰੀ ਵਿਸ਼ਿਆਂ ਸਹਿਤ ਆਮ ਲੁਕਾਈ ਦੇ ਮਸਲਿਆਂ ਨੂੰ ਦੂਰ-ਦੁਰਾਡੇ ਦੇ ਖੇਤਰਾਂ ਤੱਕ ਮੰਚੀ ਪ੍ਰਦਰਸ਼ਨ ਦੇ ਜ਼ਰੀਏ ਪਹੁੰਚਣ ਵਿਚ ਮਦਦ ਮਿਲੀ ਹੈ।

ਲੋਕ ਕਹਾਣੀਆਂ ਨਾਲ ਸਬੰਧਿਤ ਲੋਕ ਗੀਤਾਂ ਤੇ ਹੋਏ ਖੋਜ ਕਾਰਜਾਂ ਵਿਚ ਵੀ ਸਾਨੂੰ ਇਕੋ ਖੋਜ ਕਾਰਜ ਦੇਖਣ ਨੂੰ ਮਿਲਦਾ ਹੈ। ਇਸ ਖੋਜ ਕਾਰਜ ਵਿਚ ਅਸੀਂ ਦੇਖਦੇ ਹਾਂ ਕਿ ਲੋਕ ਕਹਾਣੀ ਜਿੱਥੇ ਸਬੰਧਿਤ ਸਭਿਆਚਾਰ ਦੀ ਸੰਪੂਰਨ ਤਰਜ਼ਮਾਨੀ ਕਰਦੀ ਹੈ। ਉੱਥੇ ਹੀ ਲੋਕ ਗੀਤ ਕਿਸੇ ਸਭਿਆਚਾਰ ਵਿਸ਼ੇਸ਼ ਦੇ ਲੋਕਾਂ ਦੀਆਂ ਮਨ ਦੀਆਂ ਭਾਵਨਾਵਾਂ ਨੂੰ ਸੰਕੇਤਕ ਰੂਪ ਵਿਚ ਇਸ਼ਾਰਿਆਂ ਵਿਚ ਹੀ ਸਮਝਣ-ਸਮਝਾਉਣ ਦਾ ਯਤਨ ਕਰਦੇ ਹਨ। ਇਸ ਖੋਜ ਕਾਰਜ ਵਿਚ ਲੋਕ ਗੀਤ ਅਤੇ ਲੋਕ ਕਹਾਣੀ ਦੇ ਅੰਤਰ-ਸਬੰਧਾਂ ਦੀ ਪੜਚੋਲ ਦੇਖਣ ਨੂੰ ਮਿਲਦੀ ਹੈ।

ਵਸ਼ਿਸ਼ਟ ਸਾਹਿਤ ਵਿਚ ਉਪਰੋਕਤ ਪੰਜਾਬੀ ਲੋਕ ਕਹਾਣੀਆਂ ਤੋਂ ਰੂਪਾਂਤਰਿਤ ਹੋਏ ਨਾਟਕਾਂ ਤੇ ਤਾਂ ਖੋਜ ਕਾਰਜ ਹੋਏ ਦੇਖਣ ਨੂੰ ਮਿਲਦੇ ਹਨ। ਪਰੰਤੂ ਦੂਸਰੀਆਂ ਸਾਹਿਤਕ ਵਿਧਾਵਾਂ ਜਿਨ੍ਹਾਂ ਵਿਚ ਕਹਾਣੀਆਂ ਅਤੇ ਨਾਵਲ ਸ਼ਾਮਿਲ ਹਨ। ਉਨ੍ਹਾਂ ਖੋਜ ਕਾਰਜਾਂ ਦੀ ਘਾਟ ਜ਼ਰੂਰ ਹੈ। ਪੰਜਾਬੀ ਕਹਾਣੀਕਾਰਾਂ ਸੁਖਵੰਤ ਕੌਰ ਮਾਨ (ਚਾਦਰ ਹੇਠਲਾ ਬੰਦਾ), ਵਰਿਆਮ ਸੰਧੂ (ਚੌਥੀ ਕੂਟ) ਆਦਿ ਦੀਆਂ ਕਹਾਣੀਆਂ ਜਿਨ੍ਹਾਂ ਵਿਚ ਲੋਕ ਕਥਾਵਾਂ ਦੇ ਵਿਭਿੰਨ ਅੰਸ਼ ਭਰਪੂਰ ਮਾਤਰਾ ਵਿਚ ਦੇਖਣ ਨੂੰ ਮਿਲਦੇ ਹਨ। ਉਨ੍ਹਾਂ ਕਹਾਣੀਆਂ ਦਾ ਵੀ ਲੋਕਧਾਰਾਈ ਪੱਖ ਤੋਂ ਅਧਿਐਨ ਕਰਨ ਦੀ ਜ਼ਰੂਰਤ ਹੈ। ਇਸੇ ਤਰ੍ਹਾਂ ਨਾਵਲਾਂ ਦੀ ਨਿਸ਼ਾਨਦੇਹੀ ਕਰਦਿਆਂ ਉਨ੍ਹਾਂ ਨੂੰ ਵੀ ਇਸ ਘੇਰੇ ਵਿਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਹੇਠਾਂ ਪੰਜਾਬੀ ਲੋਕ ਕਹਾਣੀਆਂ ਨੂੰ ਆਧਾਰ ਬਣਾ ਕੇ ਲਿਖੇ ਗਏ ਖੋਜ ਕਾਰਜਾਂ ਦਾ ਵੇਰਵਾ ਪੇਸ਼ ਕੀਤਾ ਜਾਂਦਾ ਹੈ।

1. ਗੁਰਮੀਤ ਸਿੰਘ - ਪੰਜਾਬੀ ਨਾਟਕਾਂ ਵਿਚ ਲੋਕ-ਕਥਾਵਾਂ ਦਾ ਪੁਨਰ ਸਿਰਜਣ : 1900-1986 ਈਸਵੀ ਤੱਕ, 2. ਜਤਿੰਦਰ ਕੌਰ - ਲੋਕ ਕਥਾਵਾਂ ਤੇ ਅਧਾਰਿਤ ਨਾਟਕਾਂ ਦਾ ਚਿੰਨ੍ਹ-ਵਿਗਿਆਨਕ ਅਧਿਐਨ, 3. ਭੂਪਾਲ ਦਾਸ - ਪੰਜਾਬੀ ਨਾਟਕਾਂ ਵਿਚ ਮਿੱਥ ਕਥਾਵਾਂ ਦਾ ਰੂਪਾਂਤਰਣ, 4. ਗੁੰਜਨਜੋਤ ਕੌਰ - ਲੋਕ ਕਥਾਵਾਂ ਨਾਲ ਸਬੰਧਿਤ ਲੋਕ ਗੀਤਾਂ ਦਾ ਸਭਿਆਚਾਰਕ ਅਧਿਐਨ, 5. ਸੁਰਜੀਤ ਕੌਰ - ਪੰਜਾਬੀ ਨਾਟਕ ਵਿਚ ਲੋਕਧਾਰਾ ਦਾ ਰੂਪਾਂਤਰਣ।

3. ਲੋਕ ਕਹਾਣੀਆਂ ਦੇ ਮੂਲ ਪਾਠ ਅਧਾਰਿਤ ਖੋਜ ਕਾਰਜ:

ਸਾਡੀ ਤੀਜੀ ਵੰਡ ਨਾਲ ਸਬੰਧਿਤ ਉਹ ਖੋਜ ਕਾਰਜ ਹਨ ਜੋ ਲੋਕ ਕਹਾਣੀ ਦੇ ਵਿਸ਼ੇ ਖੇਤਰ ਨਾਲ ਸਿੱਧੇ ਤੌਰ ਤੇ ਸਬੰਧਿਤ ਹਨ। ਇਨ੍ਹਾਂ ਖੋਜ ਕਾਰਜਾਂ ਵਿਚ ਹਾਲਾਂਕਿ ਕਿਸੇ ਅਧਿਐਨ ਵਿਧੀ ਨੂੰ ਸਿੱਧੇ ਤੌਰ ਤੇ ਲਾਗੂ ਨਹੀਂ ਕੀਤਾ ਗਿਆ। ਸਗੋਂ ਲੋਕ ਕਹਾਣੀਆਂ ਦੇ ਕੇਂਦਰੀ ਪਾਠ ਨੂੰ ਕੇਂਦਰ ਵਿਚ ਰੱਖਦਿਆਂ ਉਨ੍ਹਾਂ ਦੇ ਮੂਲ ਸੰਕਲਪਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਖੋਜ ਕਾਰਜਾਂ ਵਿਚ ਲੋਕ ਕਹਾਣੀਆਂ ਦੇ ਪਾਠਾਂ ਤੇ ਆਧਾਰਿਤ ਉਨ੍ਹਾਂ ਦੇ ਤਕਨੀਕੀ ਪੱਖਾਂ ਤੇ ਚਰਚਾ ਹੋਈ ਹੈ। ਇਸ ਸਬੰਧ ਵਿਚ ਗੁਰਦੇਵ ਸਿੰਘ ਦੇ ਖੋਜ ਕਾਰਜ ਪੰਜਾਬੀ ਲੋਕ ਕਹਾਣੀਆਂ ਦਾ ਆਲੋਚਨਾਤਮਕ ਅਧਿਐਨ ਦੇਖਿਆ ਜਾ ਸਕਦਾ ਹੈ। ਜਿਸ ਵਿਚ ਉਹ ਲੋਕ ਕਹਾਣੀ ਦੇ ਮਾਡਲ ਨੂੰ ਪੇਸ਼ ਕਰਦਾ ਹੈ। ਹੇਠਾਂ ਉਪਰੋਕਤ ਵੰਨਗੀ ਦੇ ਖੋਜ ਕਾਰਜਾਂ ਦਾ ਵੇਰਵਾ ਦਿੱਤਾ ਜਾ ਰਿਹਾ ਹੈ-

1. ਹਰਦੀਪ ਸਿੰਘ - ਪੰਜਾਬੀ ਲੋਕ ਬਿਰਤਾਂਤ ਵਿਚ ਨਾਇਕ ਅਤੇ ਨਾਇਕਾ ਦਾ ਸੰਕਲਪ, 2. ਗੁਰਦੇਵ ਸਿੰਘ - ਪੰਜਾਬੀ ਲੋਕ ਕਹਾਣੀਆਂ ਦਾ ਆਲੋਚਨਾਤਮਕ ਅਧਿਐਨ, 3. ਸੁਸ਼ੀਲ ਪ੍ਰਭਾ - ਪੰਜਾਬ ਕੀ ਲੋਕ ਕਥਾਓਂ ਕਾ ਆਲੋਚਨਾਤਮਕ ਅਧਿਐਨ, 4. ਸੰਦੀਪ ਕੌਰ - ਮਾਲਵੇ ਦੀਆਂ ਲੋਕ-ਕਹਾਣੀਆਂ ਵਿਚ ਸਮੱਸਿਆਵਾਂ ਅਤੇ ਸਮਾਧਾਨ (ਖੇਤਰੀ ਖੋਜ-ਕਾਰਜ ਦੇ ਆਧਾਰ 'ਤੇ), 5. ਆਤਮਾ ਸਿੰਘ - ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਲੋਕਧਾਰਾ ਦਾ ਅਧਿਐਨ, 6. ਕਮਲ ਕੁਮਾਰ - ਅਣਵੰਡੇ ਪੰਜਾਬ ਦੇ ਪੱਛਮੀ-ਪਹਾੜੀ ਖੇਤਰ ਦਾ ਲੋਕ-ਸਾਹਿਤ: ਸੰਕਲਨ ਅਤੇ ਅਧਿਐਨ।

4. ਸਮਾਜ-ਸਭਿਆਚਾਰਕ ਪੱਖ ਤੋਂ ਹੋਏ ਖੋਜ ਕਾਰਜ:

ਇਨ੍ਹਾਂ ਖੋਜ ਕਾਰਜਾਂ ਵਿਚ ਅਸੀਂ ਦੇਖਦੇ ਹਾਂ ਕਿ ਪੰਜਾਬੀ ਲੋਕ ਕਹਾਣੀ ਨੂੰ ਕੇਂਦਰ ਵਿਚ ਰੱਖਦੇ ਹੋਏ ਪੰਜਾਬੀ ਸਮਾਜ ਅਤੇ ਸਭਿਆਚਾਰ ਦੇ ਵਿਭਿੰਨ ਪੱਖਾਂ ਨੂੰ ਇਨ੍ਹਾਂ ਖੋਜ ਕਾਰਜਾਂ ਵਿਚ ਉਘਾੜਿਆ ਗਿਆ ਹੈ। ਇਨ੍ਹਾਂ ਖੋਜ ਕਾਰਜਾਂ ਵਿਚ ਪੰਜਾਬੀ ਸਾਕਾਦਾਰੀ ਸਬੰਧ, ਵਿਆਹ ਪ੍ਰਬੰਧ, ਰਿਸ਼ਤਿਆਂ ਦੀ ਟੁੱਟ-ਭੱਜ, ਸਮਾਜ ਦੇ ਦਵੰਦਾਤਮਕ ਰਿਸ਼ਤਿਆਂ ਦੀ ਪੇਸ਼ਕਾਰੀ, ਦਮਿਤ ਭਾਵਨਾਵਾਂ ਦੀ ਪੇਸ਼ਕਾਰੀ ਦੀ (ਪਰੀ ਅਤੇ ਜਨੌਰ ਕਹਾਣੀਆਂ ਦੇ ਸਬੰਧ ਵਿਚ ਖਾਸਤੌਰ ਤੇ), ਬਦਲਦੀਆਂ ਰੀਤਾਂ-ਰਸਮਾਂ ਤੋਂ ਇਲਾਵਾ, ਆਰਥਿਕ, ਰਾਜਨੀਤਿਕ ਅਤੇ ਭੂਗੋਲਿਕ ਮਸਲਿਆਂ ਨੂੰ ਵੀ ਵਿਚਾਰਿਆ ਗਿਆ ਹੈ। ਇਸ ਸ੍ਰੇਣੀ ਦੇ ਖੋਜ ਕਾਰਜ ਸਬੰਧਿਤ ਸਮਾਜ ਦੇ ਲਗਾਤਾਰ ਬਦਲਦੇ ਰੂਪਾਂ ਨੂੰ ਦੀ ਗੱਲ ਕਰਦੇ ਹਨ। ਹੇਠਾਂ ਉਪਰੋਰਤ ਵੰਨਗੀ ਦੇ ਖੋਜ ਕਾਰਜਾਂ ਦਾ ਵੇਰਵਾ ਪੇਸ਼ ਕੀਤਾ ਜਾ ਰਿਹਾ ਹੈ-

1. ਸੁਨੀਤਾ ਰਾਣੀ - ਨੂਰਪੁਰ ਬੇਦੀ ਦੇ ਇਲਾਕੇ ਦੀਆਂ ਲੋਕ ਕਹਾਣੀਆਂ ਦਾ ਸਮਾਜ ਸਭਿਆਚਾਰਕ ਅਧਿਐਨ, 2. ਜਗਦੀਸ਼ ਕੌਰ - ਪੰਜਾਬੀ ਲੋਕ ਕਹਾਣੀ ਵਿਚ ਸਭਿਆਚਾਰਕ ਦਵੰਦ, 3. ਜਤਿੰਦਰ ਕੌਰ - ਪੰਜਾਬੀ ਜਨੌਰ-ਕਹਾਣੀਆਂ: ਸਮਾਜ ਸਭਿਆਚਾਰਕ ਅਧਿਐਨ, 4. ਤਜਿੰਦਰ ਪਾਲ ਕੌਰ - ਪੰਜਾਬ ਦੀਆਂ ਲੋਕ-ਕਹਾਣੀਆਂ ਵਿਚ ਸਮਾਜ-ਸਭਿਆਚਾਰਕ ਜੀਵਨ ਦੇ ਪੈਟਰਨ, 5. ਅਮਰਜੀਤ ਕੌਰ - ਪੰਜਾਬ ਦੀਆਂ ਲੋਕ ਕਹਾਣੀਆਂ ਵਿਚ ਮਨੁੱਖ, ਸਮਾਜ ਅਤੇ ਜੰਗਲ ਦਾ ਸੰਕਲਪੀਕਰਣ, 6. ਹਰਮਿੰਦਰ ਸਿੰਘ - ਪੰਜਾਬੀ ਲੋਕਧਾਰਾ ਅਤੇ ਸਾਹਿਤ ਦਾ ਸੈਨਿਕ ਸਭਿਆਚਾਰਕ ਅਧਿਐਨ।

5. ਲੋਕ ਕਹਾਣੀਆਂ ਦੇ ਤਕਨੀਕੀ ਪੱਖਾਂ ਤੇ ਆਧਾਰਿਤ ਖੋਜ ਕਾਰਜ:

ਲੋਕ ਕਹਾਣੀਆਂ ਦਾ ਕਿਸੇ ਵੀ ਤਰੀਕੇ ਦਾ ਅਧਿਐਨ ਕਾਰਜ ਕਰਦਿਆਂ ਲੋਕ ਕਹਾਣੀ ਦੇ ਤਕਨੀਕੀ ਪੱਖਾਂ ਦੀ ਕਿਸੇ ਨਾ ਕਿਸੇ ਤਰੀਕੇ ਗੱਲ ਜ਼ਰੂਰ ਹੁੰਦੀ ਹੈ। ਇਸ ਸਬੰਧ ਵਿਚ ਬੇਸ਼ੱਕ ਸਮੱਗਰੀ ਦੇ ਇਕੱਤਰੀਕਰਨ ਦੀ ਗੱਲ ਹੋਵੇ ਜਾਂ ਪਹਿਲਾਂ ਹੋਏ ਖੋਜ ਕਾਰਜਾਂ ਦੀ ਗੱਲ ਹੋਵੇ ਜਾਂ ਫਿਰ ਲੋਕ ਕਹਾਣੀ ਦੇ ਵਰਗੀਕਰਨ ਜਾਂ ਲੋਕ ਕਹਾਣੀ ਦੇ ਤੱਤਾਂ ਦੀ ਗੱਲ ਹੋਵੇ। ਇਨ੍ਹਾਂ ਪੱਖਾਂ ਨੂੰ ਲਗਭਗ ਸਾਰੇ ਹੀ ਖੋਜਾਰਥੀਆਂ ਨੇ ਵਿਚਾਰਿਆ ਹੈ। ਇਸਦੇ ਬਾਵਜੂਦ ਕੁੱਝ ਅਜਿਹੇ ਖੋਜ ਕਾਰਜ ਵੀ ਹਨ ਜੋ ਨਿਰੋਲ ਰੂਪ ਵਿਚ ਲੋਕ ਕਹਾਣੀਆਂ ਦੇ ਕਿਸੇ ਇਕੋ ਤਕਨੀਕੀ ਪੱਖ ਨੂੰ ਲੈ ਕੇ ਕੀਤੇ ਗਏ ਹਨ। ਇਨ੍ਹਾਂ ਖੋਜ ਕਾਰਜਾਂ ਵਿਚ ਲੋਕ ਕਹਾਣੀਆਂ ਦੇ ਵਰਗੀਕਰਨ, ਬਿਰਤਾਂਤਕ ਜੁਗਤਾਂ, ਥੀਮਕ ਸ਼ਕਤੀਆਂ ਅਤੇ ਲੋਕ ਰੂੜੀਆਂ ਜਿਹੇ ਮਹੱਤਵਪੂਰਨ ਪੱਖਾਂ ਨੂੰ ਵਿਚਾਰਿਆ ਗਿਆ ਹੈ। ਇਨ੍ਹਾਂ ਖੋਜ ਕਾਰਜਾਂ ਵਿਚ ਲੋਕ ਕਹਾਣੀਆਂ ਦੀ ਟੈਕਸਟ, ਉਸਦੀ ਬਣਤਰ ਅਤੇ ਬੁਣਤੀ ਜਿਹੇ ਅਹਿਮ ਪੱਖਾਂ ਨੂੰ ਪੇਸ਼ ਕੀਤਾ ਹੈ। ਹੇਠਾਂ ਅਜਿਹੇ ਹੀ ਖੋਜ ਕਾਰਜਾਂ ਦੀ ਸੂਚੀ ਦਿੱਤੀ ਜਾ ਰਹੀ ਹੈ-

1. ਅਸ਼ਵਨੀ ਕੁਮਾਰ - ਪੰਜਾਬੀ ਲੋਕ ਕਹਾਣੀਆਂ ਵਿਚਲੀਆਂ ਲੋਕ ਰੂੜੀਆਂ ਦਾ ਸਭਿਆਚਾਰਕ ਮਾਨਵ ਵਿਗਿਆਨਕ ਅਧਿਐਨ, 2. ਗੁਰਸ਼ਰਨ ਸਿੰਘ - ਪੰਜਾਬੀ ਲੋਕ ਕਹਾਣੀਆਂ ਦੀਆਂ ਥੀਮਕ ਸ਼ਕਤੀਆਂ, 3. ਪ੍ਰਭਜੀਤ ਕੌਰ - ਪੰਜਾਬੀ ਪਰੀ-ਕਹਾਣੀਆਂ ਵਿਚ ਸੰਯੋਜਕ ਅਤੇ ਬਿਰਤਾਂਤਕ ਜੁਗਤਾਂ, 4. ਨਛੱਤਰ ਸਿੰਘ - ਪੰਜਾਬੀ ਲੋਕ ਬਿਰਤਾਂਤ: ਰੂਪਾਕਾਰਕ ਅਧਿਐਨ, 5. ਦੇਵਿੰਦਰ ਸਿੰਘ - ਪੰਜਾਬੀ ਲੋਕ ਕਥਾਵਾਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ।

ਪੰਜਾਬੀ ਲੋਕ ਕਹਾਣੀ ਨਾਲ ਸਬੰਧਿਤ ਉਪਰੋਕਤ ਖੋਜ ਕਾਰਜਾਂ ਤੋਂ ਇਲਾਵਾ ਅੰਸ਼ਿਕ ਰੂਪ ਵਿਚ ਹੋਏ ਖੋਜ ਕਾਰਜਾਂ ਨੂੰ ਵੀ ਦੇਖਣਾ ਚਾਹੀਦਾ ਹੈ। ਇਨ੍ਹਾਂ ਖੋਜ ਕਾਰਜਾਂ ਵਿਚ ਲੋਕ ਕਹਾਣੀ ਸਬੰਧੀ ਕਿਸੇ ਨਾ ਕਿਸੇ ਅਧਿਆਏ ਵਿਚ ਜ਼ਰੂਰ ਗੱਲ ਹੋਈ ਹੈ-

ਪੰਜਾਬੀ ਲੋਕ ਕਹਾਣੀ ਨਾਲ ਸਬੰਧਿਤ ਅੰਸ਼ਿਕ ਰੂਪ ਵਿਚ ਹੋਏ ਖੋਜ ਨਿਬੰਧ:

1. *ਆਤਮਾ ਸਿੰਘ (ਖੋਜਾਰਥੀ), ਡਾ. ਗੁਰਮੀਤ ਸਿੰਘ (ਨਿਗਰਾਨ), ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਲੋਕਧਾਰਾ ਦਾ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੀਐਚ.ਡੀ. (2010)*
2. *ਕਮਲ ਕੁਮਾਰ (ਖੋਜਾਰਥੀ), ਡਾ. ਬਲਦੇਵ ਸਿੰਘ ਚੀਮਾ (ਨਿਗਰਾਨ), ਅਣਵੰਡੇ ਪੰਜਾਬ ਦੇ ਪੱਛਮੀ-ਪਹਾੜੀ ਖੇਤਰ ਦਾ ਲੋਕ-ਸਾਹਿਤ: ਸੰਕਲਨ ਅਤੇ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੀਐਚ.ਡੀ. (2013)*
3. *ਹਰਮਿੰਦਰ ਸਿੰਘ (ਖੋਜਾਰਥੀ), ਡਾ. ਜਸਵਿੰਦਰ ਸਿੰਘ (ਨਿਗਰਾਨ), ਪੰਜਾਬੀ ਲੋਕਧਾਰਾ ਅਤੇ ਸਾਹਿਤ ਦਾ ਸੈਨਿਕ ਸਭਿਆਚਾਰਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੀਐਚ.ਡੀ. (2014)*
4. *ਸੁਰਜੀਤ ਕੌਰ (ਖੋਜਾਰਥੀ), ਡਾ. ਕੁਲਵੰਤ ਸਿੰਘ (ਨਿਗਰਾਨ), ਪੰਜਾਬੀ ਨਾਟਕ ਵਿਚ ਲੋਕਧਾਰਾ ਦਾ ਰੂਪਾਂਤਰਣ, ਪੰਜਾਬ ਯੂਨੀਵਰਸਿਟੀ. ਚੰਡੀਗੜ੍ਹ, ਪੀਐਚ.ਡੀ. (2023)*

ਉਪਰੋਕਤ ਖੋਜ ਕਾਰਜਾਂ ਵਿਚੋਂ ਪਹਿਲੇ ਖੋਜ ਕਾਰਜ ਦੇ ਪਹਿਲੇ ਅਧਿਆਇ 'ਮਿੱਥਾਂ ਅਤੇ ਦੰਤ ਕਥਾਵਾਂ ਵਿਚ ਨਾਨਕ ਬਿੰਬ' ਸਾਡੇ ਖੋਜ ਪੇਪਰ ਨਾਲ ਸਿੱਧੇ ਤੌਰ ਤੇ ਸਬੰਧ ਰੱਖਦਾ ਹੈ। ਇਸ ਅਧਿਆਇ ਵਿਚ ਖੋਜਾਰਥੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਲੋਕ ਕਹਾਣੀਆਂ ਵਿਚ ਲੋਕ-ਮਨ ਦੁਆਰਾ ਸਿਰਜੀਆਂ ਗਈਆਂ ਧਾਰਨਾਵਾਂ ਦੀ ਗੱਲ ਕਰਦਾ ਹੈ। ਗੁਰੂ ਨਾਨਕ ਦੇਵ ਜੀ ਆਪਣੇ ਉੱਚ-ਅਨੁਸ਼ਾਸ਼ਨੀ ਜੀਵਨ ਕਾਰਨ ਆਮ ਲੋਕਾਈ ਵਿਚ ਨਾਇਕ ਵਜੋਂ ਵਿਚਰਦੇ ਹਨ। ਇਸੇ ਕਾਰਨ ਇਹ ਲੋਕ ਗੁਰੂ ਜੀ ਨੂੰ ਆਪਣੀਆਂ ਕਥਾ-ਕਹਾਣੀਆਂ ਵਿਚ ਅਸੰਭਵ ਨੂੰ ਸੰਭਵ ਕਰ ਦਿਖਾਉਣ ਵਾਲਾ ਬਣਾ ਦਿੰਦੇ ਹਨ। ਉਹ ਆਪਣੇ ਨਾਇਕ ਨਾਲ ਸਬੰਧਿਤ ਬਹੁਤ ਸਾਰੀਆਂ ਕਰਾਮਾਤਾਂ ਨੂੰ ਜੋੜ ਦਿੰਦੇ ਹਨ। ਭਾਵ ਗੁਰੂ ਜੀ ਦੇ ਜਨਮ ਨਾਲ ਸਬੰਧਿਤ ਇਕ ਕਥਾ ਨੂੰ ਖੋਜਾਰਥੀ ਨੇ ਪੇਸ਼ ਕੀਤਾ ਹੈ। ਜਿਸ ਵਿਚ ਗੁਰੂ ਦੇ ਜਨਮ ਨਾਲ ਸਬੰਧਿਤ ਮਿੱਥਾਂ ਦਾ ਵਰਨਣ ਹੈ। *"ਨਾਨਕ ਦੇ ਜਨਮ ਸਮੇਂ 33 ਕਰੋੜ ਦੇਵਤੇ, ਬਵੰਜਾਬੀਰ, ਛੇ ਜਤੀ, 84 ਸਿੱਧ ਉਸਨੂੰ ਨਮਸ਼ਕਾਰ ਕਰਦੇ ਹਨ।"*[9] ਭਾਵ ਲੋਕ ਕਹਾਣੀਆਂ ਦੀ ਸਿਰਜਣਾ ਆਮ ਲੋਕਾਈ ਦੇ ਮਨ ਦੀ ਪੈਰਵੀ ਕਰਦੀਆਂ ਹਨ। ਲੋਕ ਆਪਣੇ ਨਾਇਕ ਨੂੰ ਉੱਚ ਦਰਸਾਉਣ ਲਈ ਕਿਸੇ ਵੀ ਤਰ੍ਹਾਂ ਦੀਆਂ ਘਟਨਾਵਾਂ ਜਾਂ ਮਿੱਥਾਂ ਨੂੰ ਜੋੜ ਲੈਂਦੇ ਹਨ।

ਦੂਸਰੇ ਖੋਜ ਕਾਰਜ ਵਿਚ ਖੋਜਾਰਥੀ ਨੇ ਆਪਣੇ ਖੋਜ ਕਾਰਜ ਦੇ ਚੌਥੇ ਅਧਿਆਇ ਵਿਚ ਲੋਕ ਬਿਰਤਾਂਤ : ਪਰਿਭਾਸ਼ਾ, ਸਰੂਪ ਵਰਗੀਕਰਣ ਤੇ ਵਿਸ਼ਲੇਸ਼ਣ ਤਹਿਤ ਲੋਕ ਕਹਾਣੀ ਦੀ ਗੱਲ ਕੀਤੀ ਹੈ। ਇਸ ਖੋਜ ਕਾਰਜ ਵਿਚ ਖੋਜਾਰਥੀ ਨੇ ਲੋਕ ਕਹਾਣੀ ਦੇ ਵਰਗੀਕਰਨ ਜਿਹੇ ਮਹੱਤਵਪੂਰਨ ਵਿਸ਼ੇ ਨੂੰ ਛੂੰਹਦਿਆਂ ਆਪਣੀ ਪ੍ਰਵਾਨਗੀ ਡਾ. ਜੋਗਿੰਦਰ ਸਿੰਘ ਕੈਰੋਂ ਦੀ ਵਰਗਵੰਡ ਨਾਲ ਦਿਖਾਈ ਹੈ। ਇਸ ਖੋਜ ਕਾਰਜ ਵਿਚ ਖੋਜਾਰਥੀ ਨੇ ਪੰਜਾਬ ਦੇ ਪਹਾੜੀ ਖੇਤਰ ਦੀਆਂ ਲੋਕ ਕਹਾਣੀਆਂ ਦੇ ਮੂਲ ਪਾਠ ਨੂੰ ਗੁਰਮੁਖੀ ਲਿੱਪੀ ਵਿਚ ਪੇਸ਼ ਕੀਤਾ ਹੈ।

ਤੀਸਰੇ ਖੋਜ ਕਾਰਜ ਵਿਚ ਖੋਜਾਰਥੀ ਨੇ ਆਪਣੇ ਖੋਜ ਕਾਰਜ ਦੇ ਦੂਸਰੇ ਅਧਿਆਇ 'ਪੰਜਾਬੀ ਲੋਕਧਾਰਾ ਅਤੇ ਸੈਨਿਕ ਸਭਿਆਚਾਰਕ' ਵਿਚ ਪੰਜਾਬੀ ਲੋਕ ਸਾਹਿਤ ਦੀ ਵਰਗਵੰਡ ਕਰਦਿਆਂ ਲੋਕ ਕਹਾਣੀ ਦੇ ਵਰਗੀਕਰਨ ਲਈ ਡਾ. ਥਿੰਦ ਦੇ ਵਰਗੀਕਰਨ ਨਾਲ ਸਹਿਮਤੀ ਪ੍ਰਗਟਾਈ ਹੈ।

ਸਾਡੇ ਆਖਰੀ ਖੋਜ ਕਾਰਜ 'ਪੰਜਾਬੀ ਨਾਟਕ ਵਿਚ ਲੋਕਧਾਰਾ ਦਾ ਰੂਪਾਂਤਰਣ' ਵਿਚ ਅਧਿਆਇ ਚੌਥਾ 'ਲੋਕ ਮਿੱਥਾਂ ਨਾਲ ਸੰਬੰਧਤ ਪੰਜਾਬੀ ਨਾਟਕ ਦਾ ਲੋਕਧਰਾਈ ਰੂਪਾਂਤਰਣ' ਸਾਡੇ ਖੋਜ ਪੇਪਰ ਨਾਲ ਸਬੰਧਿਤ ਹੈ। ਇਸ ਅਧਿਆਇ ਵਿਚ ਖੋਜਾਰਥੀ ਨੇ ਲੋਕ ਕਹਾਣੀ ਦੀ ਵਰਗਵੰਡ ਕਰਦਿਆਂ ਪੰਜਾਬੀ ਨਾਟਕ ਜੋ ਲੋਕ ਕਹਾਣੀਆਂ ਦੇ ਆਧਾਰ ਤੇ ਜਾਂ ਲੋਕ ਕਹਾਣੀਆਂ ਤੋ ਪ੍ਰੇਰਿਤ ਹੋ ਕੇ ਲਿਖੇ ਗਏ ਉਨ੍ਹਾਂ ਬਾਰੇ ਚਰਚਾ ਕੀਤੀ ਹੈ।

ਇਨ੍ਹਾਂ ਖੋਜ ਕਾਰਜਾਂ ਨੂੰ ਸ੍ਰੇਣੀਬੱਧ ਕਰਦਿਆਂ ਸਾਡੀ ਉੱਪਰ ਕੀਤੀ ਲੋਕ ਕਹਾਣੀ ਨਾਲ ਸਬੰਧਿਤ ਸਿੱਧੇ ਤੌਰ ਤੇ ਹੋਏ ਖੋਜ ਕਾਰਜਾਂ ਦੀ ਵਰਗਵੰਡ ਵਿਚ ਹੀ ਸ਼ਾਮਿਲ ਕੀਤਾ ਹੈ। ਉਪਰੋਕਤ ਚਾਰੋਂ ਖੋਜ ਕਾਰਜ ਸਿੱਧੇ ਤੌਰ ਤੇ ਕਿਸੇ ਅਧਿਐਨ ਵਿਧੀ ਦੇ ਅੰਤਰਗਤ ਨਹੀਂ ਰੱਖੇ ਜਾ ਸਕਦੇ। ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਲੋਕਧਾਰਾ ਦਾ ਖੇਤਰ ਵਸੀਹ ਹੈ ਇਸ ਨੂੰ ਕਿਸੇ ਵੀ ਅਨੁਸ਼ਾਸ਼ਨੀ ਵਿਧੀ ਜਾਂ ਮਾਡਲ ਜ਼ਰੀਏ ਸਮਝਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਨਵੇਂ ਤਰੀਕਿਆਂ ਨਾਲ ਲੋਕਧਾਰਾ ਅਤੇ ਇਸਦੇ ਵਿਭਿੰਨ ਰੂਪਾਂ ਜ਼ਰੀਏ ਲੋਕ ਮਨ ਨੂੰ ਸਮਝਿਆ ਜਾ ਸਕੇ।

## ਹਵਾਲੇ ਅਤੇ ਟਿੱਪਣੀਆ


1. *ਪਵਨ ਟਿੱਬਾ, ਪੰਜਾਬੀ ਲੋਕਧਾਰਾ ਅਧਿਐਨ ਵਿੱਚ ਅੰਗਰੇਜ਼ ਅਧਿਕਾਰੀਆਂ ਦਾ ਯੋਗਦਾਨ, ਡਾ. ਸੁਰਜੀਤ ਸਿੰਘ (ਸੰਪਾ.), ਪੰਜਾਬੀ ਸਭਿਆਚਾਰ ਅਤੇ ਲੋਕਧਾਰਾ ਅਧਿਐਨ ਪਰੰਪਰਾ ਅਤੇ ਸਮਕਾਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2024, ਪੰਨਾ: 124.*
2. *ਗੁਰਮੀਤ ਸਿੰਘ, ਲੋਕ-ਦਾਇਰਿਆਂ ਦਾ ਵਿਸ਼ਵੀ ਪ੍ਰਸੰਗ ਅਤੇ ਲੋਕਧਾਰਾ ਦੀ ਖ਼ਸਲਤ, ਡਾ. ਸੁਰਜੀਤ ਸਿੰਘ (ਸੰਪਾ.), ਪੰਜਾਬੀ ਸਭਿਆਚਾਰ ਅਤੇ ਲੋਕਧਾਰਾ ਅਧਿਐਨ ਪਰੰਪਰਾ ਤੇ ਸਮਕਾਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2024, ਪੰਨਾ: 13.*
3. *ਥਿੰਦ, ਡਾ. ਕਰਨੈਲ ਸਿੰਘ, ਲੋਕਯਾਨ ਅਤੇ ਮੱਧਕਾਲਿਨ ਪੰਜਾਬੀ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2015, ਪੰਨਾ: 36.*
4. *ਡਾ. ਜਸਵਿੰਦਰ ਸਿੰਘ, ਪੰਜਾਬੀ ਲੋਕ-ਸਾਹਿਤ ਸ਼ਾਸ਼ਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰਨਾ: 33.*
5. *ਥਿੰਦ, ਡਾ. ਕਰਨੈਲ ਸਿੰਘ (ਸੰਪਾ), ਲੋਕਯਾਨ ਅਧਿਐਨ, ਪਬਲੀਕੇਸ਼ਨ ਬਿਊਰੋ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2012, ਪੰਨਾ: 8.*
6. *ਖਹਿਰਾ, ਭੁਪਿੰਦਰ ਸਿੰਘ, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਪੈਪਸੂ ਬੁੱਕ ਡਿਪੋ, ਪਟਿਆਲਾ, 2013, ਪੰਨਾ: 21.*
7. *ਡਾ. ਜਸਵਿੰਦਰ ਸਿੰਘ, ਪੰਜਾਬੀ ਲੋਕ-ਸਾਹਿਤ ਸ਼ਾਸ਼ਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰਨਾ:19.*
8. *ਚਰਨਜੀਤ ਕੌਰ, ਲੋਕਧਾਰਾ ਅਧਿਐਨ ਦਾ ਮੁਲਾਂਕਣ: ਨਾਰੀਵਾਦੀ ਪਰਿਪੇਖ, ਡਾ. ਸੁਰਜੀਤ ਸਿੰਘ (ਸੰਪਾ.), ਪੰਜਾਬੀ ਸਭਿਆਚਾਰ ਅਤੇ ਲੋਕਧਾਰਾ ਅਧਿਐਨ ਪਰੰਪਰਾ ਤੇ ਸਮਕਾਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2024, ਪੰਨਾ: 61.*
9. *ਆਤਮਾ ਸਿੰਘ, ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਲੋਕਧਾਰਾ ਦਾ ਅਧਿਐਨ (ਅਪ੍ਰਕਾਸ਼ਿਤ ਸ਼ੋਧ ਨਿਬੰਧ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2010, ਪੰਨਾ: 13.*

***Cite this Article-***

*ਗੁਰਤੇਜ ਸਿੰਘ (Gurtej Singh) & ਡਾ. ਸਿਮਰਨਜੀਤ ਸਿੰਘ (Dr. Simranjit Singh), ਪੰਜਾਬੀ ਲੋਕ ਕਹਾਣੀਆਂ ਦੇ ਉਪਾਧੀ ਸਾਪੇਖ ਖੋਜ ਕਾਰਜਾਂ ਦਾ ਵਰਗੀਕਰਨ (Punjabi Lok Kahania De Upadhi Sapekh Khoj Karjan Da Vargikarn), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 101-108.*

*Journal URL: www.armaan.org.in*

*DOI: https://doi.org/10.64119/armaan.vol.4.issue2.19*

*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*